Postal No. - Jallandhar Vide No. L-4/PB/JL-0196/2024-2026
Regd No. 32212/78

# ਲੁਬਾਣਾ ਸੇਵਕ

ਜੁਲਾਈ 2024 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਮੀਰੀ-ਪੀਰੀ ਦਿਵਸ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ



ਛੇਵੇਂ ਨਾਨਕ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ 19 ਜੂਨ 1595 ਈ. ਨੂੰ ਗੁਰੂ ਕੀ ਵਡਾਲੀ ਵਿਖੇ ਮਾਤਾ ਗੰਗਾ ਜੀ ਦੀ ਪਵਿੱਤਰ ਕੁੱਖੋਂ ਹੋਇਆ। ਗੁਰੂ ਪਿਤਾ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਅਤੇ ਸਮੇਂ ਦੀ ਮੰਗ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਜੋ ਉਸ ਸਮੇਂ ਗੁਰਗੱਦੀ ਦੀ ਸੇਵਾ ਨਿਭਾਅ ਰਹੇ ਸਨ, ਨੇ ਧਰਮ ਦੇ ਨਾਲ-ਨਾਲ ਸਵੈ ਰੱਖਿਆ ਅਤੇ ਮਜਲੂਮਾਂ ਉੱਤੇ ਹੋ ਰਹੇ ਜ਼ੁਲਮ ਨੂੰ ਨੱਥ ਪਾਉਣ ਲਈ ਸ਼ਾਸ਼ਤਰ ਅਤੇ ਸ਼ਸ਼ਤਰ ਧਾਰਨ ਕੀਤੇ ਅਤੇ ਵੈਰੀਆਂ ਨਾਲ ਮੁਕਾਬਲਾ ਜਿੱਤ ਕੇ ਚੜ੍ਹਦੀ ਕਲਾ ਨਾਲ ਮੀਰੀ-ਪੀਰੀ ਦੀ ਸ਼ੁਰੂਆਤ ਕੀਤੀ। ਆਪ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੋ ਨਿਸ਼ਾਨ ਸਾਹਿਬ ਸਥਾਪਤ ਕੀਤੇ। ਧਰਮ ਅਤੇ ਰਾਜਨੀਤਕ ਦ੍ਰਿੜ੍ਹਤਾ ਲਈ ਸ਼ਸ਼ਤਰਧਾਰੀ ਹੋ ਕੇ ਜਥੇਬੰਦਕ ਹੋਣਾ ਕੀਤਾ। ਧਰਮ ਲਈ ਨਿਸ਼ਾਨ ਸਾਹਿਬ 101 ਫੁੱਟ ਅਤੇ ਸ਼ਸ਼ਤਰ-ਰਾਜਨੀਤਕ ਨਿਸ਼ਾਨ ਸਾਹਿਬ 100 ਫੁੱਟ ਉੱਚੇ ਸਥਾਪਤ ਕੀਤੇ ਤਾਂ ਜੋ ਧਰਮੀ ਰਹਿ ਕੇ ਗੁਰੂ ਆਸ਼ੇ ਅਨੁਸਾਰ ਜ਼ੁਲਮ ਦਾ ਟਾਕਰਾ ਕੀਤਾ ਜਾ ਸਕੇ। ਇਹ ਸਿਲਸਿਲਾ ਧਾਰਮਿਕ ਰੱਖਿਆ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਚੱਲਿਆ ਜੋ ਕਿ ਇਕ ਦੁਨੀਆਂ ਵਿਚ ਵਿਲੱਖਣ ਇਤਿਹਾਸ ਬਣਿਆ ਹੈ ਅਤੇ ਸਿੱਖੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਲੋਂ ਸ਼ੁਰੂ ਕੀਤੀ ਗਈ ਸੀ ਉਹ ਫੈਸਲਾਕੁੰਨ ਹੋ ਨਿਬੜੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਜੀਵਨ ਵਿਚ ਚਾਰ ਜੰਗ ਲੜੇ। ਇਨ੍ਹਾਂ ਜੰਗਾਂ ਦੌਰਾਨ ਆਪ ਜੀ ਨੇ ਮੀਰੀ-ਪੀਰੀ ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਉਜਾਗਰ ਕੀਤਾ। ਹਕੂਮਤ ਦੇ ਨਸ਼ੇ ਵਿਚ ਅਤੇ ਧਾਰਮਿਕ ਕੱਟੜਤਾ ਦੇ ਪ੍ਰਭਾਵ ਹੇਠ ਮੁਗਲ ਹੁਕਮਰਾਨ ਗੁਰੂ-ਘਰ ਪ੍ਰਤੀ ਵਧ ਰਹੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਪਿਆਰ ਤੋਂ ਦੁਖੀ ਸਨ। ਬਰਾਬਰੀ, ਏਕਤਾ ਦੇ ਪ੍ਰਚਾਰ ਅਤੇ ਜਾਤ-ਪਾਤ ਦੇ ਖੰਡਨ ਨੂੰ ਨਾ ਤਾਂ ਕਾਜ਼ੀ ਪਸੰਦ ਕਰਦੇ ਸਨ ਅਤੇ ਨਾ ਹੀ ਹਿੰਦੂ ਧਰਮ ਵਿਚਲੀ ਉੱਚੀ ਸ਼੍ਰੇਣੀ ਇਸ ਗੱਲ ਨੂੰ ਚਾਹੁੰਦੀ ਸੀ। ਇਸ ਵਿਰੋਧ ਦੇ ਸਿੱਟੇ ਵਜੋਂ ਹੀ ਗੁਰੂ ਨਾਨਕ ਸਾਹਿਬ ਜੀ ਬਾਬਰ ਦੀ ਜੇਲ੍ਹ ਵਿਚ ਗਏ। ਇਸ ਵਿਰੋਧ ਦੇ ਸਿੱਟੇ ਵਜੋਂ ਹੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਹੋਈ। ਇਸੇ ਵਿਰੋਧ ਦਾ ਹੀ ਸਿੱਟਾ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ। ਬਾਅਦ ਵਿਚ ਛੋਟੇ-ਛੋਟੇ ਕਾਰਨਾਂ ਦੇ ਬਹਾਨੇ ਬਣਾ ਕੇ ਗੁਰੂ ਜੀ ਨੂੰ ਚਾਰ ਜੰਗ ਲੜਨ ਲਈ ਮਜ਼ਬੂਰ ਕੀਤਾ ਗਿਆ।

ਇਹ ਗੁਰਬਾਣੀ ਦਾ ਹੀ ਪ੍ਰਭਾਵ ਸੀ ਕਿ ਜੰਗਾਂ ਦੌਰਾਨ ਗੁਰੂ ਜੀ ਧਾਰਮਿਕ ਤੌਰ 'ਤੇ ਸਾਰੇ ਧਰਮਾਂ ਪ੍ਰਤੀ ਸਹਿਨਸ਼ੀਲਤਾ ਵਾਲਾ ਵਿਹਾਰ ਕਰਦੇ ਰਹੇ। ਆਪ ਜੰਗਾਂ ਲੜਦੇ ਹੋਏ ਵੀ ਆਪਣੇ ਗੁਰਗੱਦੀ ਪ੍ਰਤੀ ਫਰਜ਼ਾਂ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਆਪ ਜੀ ਦੀ ਸੰਤਤਾਈ ਤੋਂ ਮੁਹਸਨ ਫ਼ਾਨੀ, ਸਾਈਂ ਮੀਆਂ ਮੀਰ, ਨੂਰ ਜਹਾਂ ਅਤੇ ਹੋਰ ਸੂਫ਼ੀ ਫ਼ਕੀਰ ਪੂਰੀ ਤਰ੍ਹਾਂ ਪ੍ਰਭਾਵਿਤ ਸਨ। ਜਿਹੜਾ ਇਕ ਵਾਰ ਆਪ ਜੀ ਦੀ ਸੰਗਤ ਵਿਚ ਆ ਜਾਂਦਾ ਸੀ, ਉਹ ਆਪ ਜੀ ਦਾ ਹੀ ਹੋ ਕੇ ਰਹਿ ਜਾਂਦਾ ਸੀ। ਗੁਰੂ ਜੀ ਦੇ ਯੋਧੇ ਸਿਪਾਹੀ ਲੜਦੇ ਹੋਏ ਇਹ ਸਮਝਦੇ ਸਨ ਕਿ ਉਹ ਸੱਚ ਅਤੇ ਧਰਮ ਦੀ ਖ਼ਾਤਰ ਲੜ ਰਹੇ ਹਨ। ਉਹ ਤਨਖਾਹ ਜਾਂ ਜ਼ਮੀਨ ਦੇ ਲਾਲਚ ਵਾਸਤੇ ਨਹੀਂ ਲੜਦੇ ਸਨ। ਆਪ ਸੱਚਮੁੱਚ ਹੀ ਅਮਲੀ ਅਰਥਾਂ ਵਿਚ ਮੀਰੀ-ਪੀਰੀ ਦੇ ਮਾਲਕ, ਵਡ-ਯੋਧੇ, ਦਲਿ-ਭੰਜਨ, ਪਰਉਪਕਾਰੀ, ਗੁਰੂ-ਸੂਰਮੇ, ਸੱਚੇ ਪਾਤਸ਼ਾਹ, ਦੀਨ-ਦੁਨੀ ਦੇ ਪਾਤਸ਼ਾਹ ਅਤੇ ਬੰਦੀ-ਛੋੜ ਦਾਤਾਰ ਸਨ। ਆਪ ਜੀ ਵੱਲੋਂ ਲੜੀਆਂ ਗਈਆਂ ਜੰਗਾਂ ਦੇ ਵੇਰਵੇ ਪੜ੍ਹਦਿਆਂ ਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਸਾਡੀਆਂ ਅੱਖਾਂ ਸਾਹਮਣੇ ਅਮਲੀ ਰੂਪ ਵਿਚ ਸਾਕਾਰ ਹੁੰਦੀ ਹੈ। ਆਪ ਜੀ ਦੀ ਸ਼ਖ਼ਸੀਅਤ ਨੂੰ ਸਮਝਣ ਲਈ ਗੁਰਮਤਿ ਦੇ ਮੀਰੀ-ਪੀਰੀ ਦੇ ਸਿਧਾਂਤ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ ਅਤੇ ਇਸ ਤੋਂ ਵੀ ਵੱਧ ਕੇ ਜ਼ਰੂਰੀ ਹੈ ਇਹ ਮੰਨ ਕੇ ਚੱਲਣਾ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤ ਰੂਪ ਵਿਚ ਗੁਰੂ ਨਾਨਕ ਸਾਹਿਬ ਜੀ ਹੀ ਸਨ। ਕੇਵਲ ਇਸ ਢੰਗ ਨਾਲ ਹੀ ਅਸੀਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੰਗਾਂ ਵਿਚ ਚੱਲਦੀ ਤਲਵਾਰ ਦਾ ਪ੍ਰੇਮ-ਮਈ ਅਨੰਦ ਮਾਣ ਸਕਦੇ ਹਾਂ।

ਸੋ ਸਭ ਨੂੰ ਅਜੋਕੇ ਸਮੇਂ ਵਿਚ ਆਪਣਾ ਧਰਮ, ਰਾਜ ਅਤੇ ਦੇਸ਼ ਪੱਖੀ ਫਰਜ਼ ਨਿਭਾਉਣੇ ਚਾਹੀਦੇ ਹਨ ਅਤੇ ਸਮਾਜਿਕ ਨਾ-ਬਰਾਬਰੀ, ਰੋਜ਼ਗਾਰ, ਗਰੀਬੀ, ਕਿਰਸਾਨੀ ਨੂੰ ਲਾਹੇਵੰਦ ਅਤੇ ਗਰੀਬਾਂ ਦੀ ਹਾਲਤ ਸੁਧਾਰਨ ਲਈ ਠੋਸ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਵਿਹਲੇ ਰਹਿ ਰਹੇ ਲੋਕ ਨਸ਼ੇੜੀ ਨਾ ਬਣਨ, ਖੇਤੀ ਕਰਨ ਵਾਲੇ ਆਰਥਿਕ ਤੰਗੀ ਕਾਰਨ ਜਹਾਲਤ ਵਿਚੋਂ ਬਾਹਰ ਨਿਕਲਣ ਅਤੇ ਖੁਦਕਸ਼ੀਆਂ ਕਰਨ ਲਈ ਮਜਬੂਰ ਨਾ ਹੋਣ। ਮਜ਼ਦੂਰ ਵਰਗ ਨੂੰ ਵੀ ਕੰਮਾਂ ਤੇ ਲਾ ਕੇ ਦੇਸ਼ ਲਈ ਉਪਯੋਗੀ ਅਤੇ ਆਤਮ ਨਿਰਭਰ ਬਣਾਇਆ ਜਾਵੇ ਤਾਂ ਹੀ ਧਰਤੀ ਸਵਰਗ ਹੋਵੇਗੀ।


ਭਗਵਾਨ ਸਿੰਘ ਲੁਬਾਣਾ

ਪ੍ਰਧਾਨ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ


**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181



## Advisors

1. S. Baldev Singh Munder, Sr. Manager (Regd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your
name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਆਧਾਰੁ ॥**

ਹਾੜ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 21-07-2024 (ਐਤਵਾਰ)**
**ਸੰਗਰਾਂਦ - 16-07-2024 (ਮੰਗਲਵਾਰ)**
**ਮੱਸਿਆ - 05-07-2024 (ਸ਼ੁੱਕਰਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 133 | ਜੁਲਾਈ - 2024



| | | |
|---|---|---|
| 1. | ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ | 4 |
| 2. | ਮੀਰੀ-ਪੀਰੀ ਦੇ ਮਾਲਿਕ ਗੁਰੂ ਹਰਿਗੋਬਿੰਦ ਸਾਹਿਬ | 6 |
| 3. | ਗੁਰ ਸਾਗਰ ਦੇ ਸੁੱਚੇ ਮੋਤੀ | 8 |
| 4. | ਆਜ਼ਾਦੀ ਦਾ ਪ੍ਰਵਾਨਾ ਸ਼ਹੀਦ ਊਧਮ ਸਿੰਘ | 9 |
| 5. | ਜੂਨ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 11 |
| 6. | ਜੀਵਨ ਵਿਕਾਸ - ਇਕ ਸੰਘਰਸ਼ | 13 |
| 7. | ਮਾਵਾਂ ਧੀਆਂ ਦੇ ਗੀਤ | 14 |
| 8. | ਧਨੀ ਰਾਮ ਚਾਤ੍ਰਿਕ ਦਾ ਚਿੰਤਨ | 16 |
| 9. | ਸਾਵਨਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥ | 18 |
| 10. | ਕਹਾਣੀ/ਵਿਲਕਦਾ ਬਚਪਨ | 20 |
| 11. | ਹੋਰ ਦੇਸੀ ਮਹੀਨਿਆਂ ਦਾ ਮਹੱਤਵ | 23 |
| 12. | ਉੱਗਦੇ ਸੂਰਜ ਦੀ ਅੱਖ | 27 |
| 13. | ਪਰਿਵਾਰਕ ਅਣਬਣ ਬੱਚਿਆਂ ਲਈ ਘਾਤਕ | 29 |
| 14. | ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ | 31 |
| 15. | ਆਓ ਜਾਣੀਏ! | 32 |
| 16. | ਅਪਾਹਜ | 33 |
| 17. | ਸਿਹਤ ਸੰਭਾਲ | 34 |
| 18. | ਕਾਵਿ-ਕਿਆਰੀ | 35 |
| 19. | ਸ਼ਬਦਾਂ ਦੇ ਸੰਜੋਗ | 36 |
| 20. | Proud of Community : Kamaljeet Ghotra | 37 |
| 21. | Matrimonial | 38 |
| 22. | ਦਾਨੀ ਸੱਜਣਾਂ ਦੀ ਸੂਚੀ | 39 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।




**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

ਸ਼ਹੀਦੀ ਦਿਹਾੜੇ ’ਤੇ ਵਿਸ਼ੇਸ਼

# ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ



ਗੁਰੂ ਗ੍ਰੰਥ ਵਿਸ਼ਵ ਕੋਸ਼ ਅਨੁਸਾਰ ਸ਼ਹੀਦ ਅਰਬੀ ਦਾ ਸ਼ਬਦ ਹੈ ਅਤੇ ਕੁਰਾਨ ਅਨੁਸਾਰ ਇਸ ਦੀ ਵਰਤੋਂ ਗਵਾਹ ਜਾਂ ਸਾਕਸ਼ੀ ਦੇ ਅਰਥਾਂ ਵਿਚ ਹੋਈ ਹੈ। ਪਰ ਬਾਅਦ ਵਿਚ ਇਸ ਦੀ ਵਰਤੋਂ ਕੁਰਬਾਨੀ ਜਾਂ ਬਲੀਦਾਨ ਵਜੋਂ ਹੋਣ ਲੱਗੀ। ਸਰੀਰ ਦੀ ਪ੍ਰਵਾਹ ਨਾ ਕੀਤਿਆਂ ਧਰਮ ਦੀ ਰੱਖਿਆ, ਜ਼ਾਲਮ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਨਾ ਅਤੇ ਸ਼ਹਾਦਤ ਦੇਣੀ ਸ਼ਹੀਦਾਂ ਦੇ ਹੌਂਸਲੇ ਤੇ ਸੂਰਬੀਰਤਾ ਦੀ ਨਿਸ਼ਾਨੀ ਹੈ। ਸ਼ਹੀਦੀ ਇਕ ਅਜਿਹਾ ਸਿਧਾਂਤ ਹੈ ਜਿਸਨੂੰ ਸਿੱਖਾਂ ਨੇ ਗੁਰੂ ਸਾਹਿਬਾਨ ਦੇ ਨਕਸ਼ੇ ਕਦਮ ’ਤੇ ਚੱਲਦਿਆਂ ਇਕ ਪਰੰਪਰਾ ਵਾਂਗ ਗੁਰੂ ਚਰਨਾਂ ਵਿਚ ਅਰਪਣ ਕੀਤਾ ਹੈ। ਸ਼ਹੀਦ ਆਤਮ-ਵਿਸ਼ਵਾਸੀ ਹੁੰਦਾ ਹੈ। ਉਹ ਇੱਛਾ ਮੁਕਤ ਅਤੇ ਗੁਰੂ ਦੀ ਰਜ਼ਾ ਵਿਚ ਲੀਨ, ਸ਼ਾਂਤ ਤੇ ਅਡੋਲ ਰਹਿੰਦਾ ਹੈ। ਪੰਜਾਬ ਵਿਚ ਉਤਪੰਨ ਹੋਇਆ ਸ਼ਹੀਦੀ ਸਿਧਾਂਤ ਗੁਰ-ਮਰਿਆਦਾ ਅਨੁਸਾਰ ਇਤਿਹਾਸਕ ਬਿਰਤਾਂਤ ਦਾ ਸਰੂਪ ਧਾਰਨ ਕਰਦਾ ਰਿਹਾ। ਇਸ ਦੀ ਨੀਂਹ ਗੁਰੂ ਨਾਨਕ ਨੇ ਰੱਖੀ ਸੀ। ਇਸ ਦੀ ਸ਼ੁਰੂਆਤ ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਜੀ ਦੀ ਲਾਹੌਰ ਵਿਖੇ ਸ਼ਹਾਦਤ ਨਾਲ ਹੋਈ। ਸ਼ਹੀਦਾਂ ਦਾ ਸਿਰਤਾਜ ਤਪਦੀ ਲੋਹ ਉੱਤੇ ਬੈਠਾ, ਉਬਲਦੀ ਦੇਗ ਵਿਚ ਉਬਾਲੇ ਖਾਧੇ, ਗਰਮ ਰੇਤਾ ਸੀਸ ਉੱਤੇ ਪਵਾਈ, ਪਰ ਮੂੰਹੋਂ ਅਕਾਲ ਪੁਰਖ ਦਾ ਨਾਮ ਜਪਦੇ ਰਹੇ। ਫਿਰ 1675 ਵਿਚ ਦਿੱਲੀ ਦੇ ਚਾਂਦਨੀ ਚੌਂਕ ਵਿਚ ਗੁਰੂ ਤੇਗ ਬਹਾਦਰ ਜੀ ਦਾ ਧਰਮ ਦੀ ਰੱਖਿਆ ਲਈ ਸੀਸ ਗਿਆ ਪਰ ਸਿਰੜ ਕਾਇਮ ਰਿਹਾ। ਇਸ ਤੋਂ ਬਾਅਦ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਪਰਿਵਾਰ ਹੀ ਧਰਮ ਦੀ ਰੱਖਿਆ ਲਈ ਕੁਰਬਾਨ ਕਰ ਦਿੱਤਾ ਜਿਸ ਦੀ ਕਿਤੇ ਕੋਈ ਮਿਸਾਲ ਨਹੀਂ। ਲਾਹੌਰ ਵਿਖੇ ਰਾਵੀ ਦੇ ਕੰਢੇ ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਜੀ ਦੀਆਂ ਪਾਵਨ ਖ਼ੂਨ ਦੀਆਂ ਬੂੰਦਾਂ ਡਿੱਗੀਆਂ ਸਨ, ਸਿੱਖੀ ਦਾ ਬੂਟਾ ਉਨ੍ਹਾਂ ਬੂੰਦਾਂ ਦੀ ਉਪਜ ਹੈ। ਬਾਬਾ ਬੰਦਾ ਸਿੰਘ ਬਹਾਦਰ ਅਤੇ ਅਨੇਕਾਂ ਸੂਰਮੇ ਇਸ ਸ਼ਹੀਦੀ ਗਾਥਾ ਦਾ ਸ਼ਿੰਗਾਰ ਬਣੇ।

ਇਤਿਹਾਸ ਗਵਾਹ ਹੈ ਕਿ ਨਗਾਰੇ ਦੀ ਚੋਟ ਨਾਲ ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ ਤਦ ਵੀ ਸਿੰਘ ਜੰਗਲਾਂ ਵਿਚ ਗਾਉਂਦੇ ਫਿਰਦੇ ਸਨ ਕਿ ‘ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ’। ਸਿੱਖੀ ਸਰੂਪ ਵਿਚ ਕੇਸਾਂ ਦੀ ਬੜੀ ਮਹੱਤਤਾ ਤੇ ਮਹਾਨਤਾ ਬਣ ਗਈ। ਇਹੋ ਕਾਰਨ ਸੀ ਕਿ ਸਿੱਖ ਕੇਸਾਂ ਦੀ ਬੇਅਦਬੀ ਕਰਨ ਨਾਲੋਂ ਆਪਣੀ ਸ਼ਹਾਦਤ ਦੇਣਾ ਜ਼ਿਆਦਾ ਪਸੰਦ ਕਰਦੇ ਸਨ। ਆਪਣੇ ਕੇਸਾਂ ਨੂੰ ਉਹ ਪ੍ਰਾਣਾਂ ਤੋਂ ਵੱਧ ਪਿਆਰ ਕਰਦੇ ਸਨ।

18ਵੀਂ ਸਦੀ ਦੇ ਸ਼ਹੀਦਾਂ ਵਿਚੋਂ ਇਕ ਮਹਾਨ ਸਿੱਖ ਸ਼ਹੀਦ ਸਨ ਭਾਈ ਤਾਰੂ ਸਿੰਘ ਜੀ, ਜਿਨ੍ਹਾਂ ਨੇ ਖੋਪਰੀ ਉਤਰਵਾ ਲਈ ਪਰ ਨਾ ਧਰਮ ਬਦਲਿਆ ਅਤੇ ਨਾ ਹੀ ਕੇਸ ਕਤਲ ਕਰਵਾਏ। ਜਦੋਂ ਮੁਗਲ ਹਕੂਮਤ ਭਾਰਤ ਆਈ ਤਾਂ ਉਸ ਨੇ ਦੂਜੇ ਧਰਮਾਂ ਵਾਲਿਆਂ ’ਤੇ ਬਹੁਤ ਜ਼ੁਲਮ ਢਾਹੇ ਅਤੇ ਇਥੋਂ ਦੇ ਲੋਕਾਂ ਨੂੰ ਜ਼ਬਰੀ ਧਰਮ ਪਰਿਵਰਤਨ ਕਰਾ ਕੇ ਮੁਸਲਮਾਨ ਬਣਾਉਣ ਲਈ ਹਰ ਤਰ੍ਹਾਂ ਦੀਆਂ ਨੀਤੀਆਂ ਵਰਤੀਆਂ ਜਿਸ ਦੇ ਸ਼ਿਕਾਰ ਭਾਈ ਤਾਰੂ ਸਿੰਘ ਜੀ ਵੀ ਹੋਏ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਭਾਈ ਤਾਰੂ ਸਿੰਘ ਜੀ ਦਾ ਜਨਮ 1720 ਈ. ਨੂੰ ਪਿਤਾ ਭਾਈ ਜੋਧ

ਸਿੰਘ ਜੀ ਦੇ ਗ੍ਰਹਿ ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦੇ ਪਿਤਾ ਭਾਈ ਜੋਧ ਸਿੰਘ ਜੀ ਵੀ ਮੁਗਲਾਂ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਭਾਈ ਤਾਰੂ ਸਿੰਘ ਜੀ ਆਪਣੀ ਮਾਤਾ ਜੀ ਅਤੇ ਭੈਣ ਬੀਬੀ ਤਾਰੋ ਜੀ ਨਾਲ ਪਿੰਡ ਵਿਚ ਰਹਿੰਦੇ ਸੀ। ਭਾਈ ਤਾਰੂ ਸਿੰਘ ਜੀ ਦੀ ਮਾਤਾ ਜੀ ਦਾ ਗੁਰੂ ਸਾਹਿਬ 'ਤੇ ਬਹੁਤ ਵਿਸ਼ਵਾਸ਼ ਸੀ। ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਲੋਰੀ ਵੀ ਗੁਰੂ ਸਾਹਿਬ ਜੀ ਦੀ ਬਾਣੀ ਦੀ ਹੀ ਦਿੱਤੀ। ਉਹ ਰੋਜ਼ ਗੁਰਬਾਣੀ ਦਾ ਪਾਠ ਕਰਦੇ ਅਤੇ ਲੋੜਵੰਦਾਂ ਦੀ ਮੱਦਦ ਕਰਦੇ।

1726 ਈ. ਵਿਚ ਜਦੋਂ ਜ਼ਕਰੀਆ ਖਾਨ ਪੰਜਾਬ ਦਾ ਸੂਬੇਦਾਰ ਨਿਯੁਕਤ ਹੋਇਆ ਤਾਂ ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਠਾਣ ਲਈ। ਉਹ ਸਿੱਖਾਂ ਦਾ ਕੱਟੜ ਵਿਰੋਧੀ ਸੀ। ਉਸ ਨੇ ਸਿੱਖਾਂ 'ਤੇ ਜ਼ੁਲਮ ਢਾਹੁਣ, ਜਿਊਂਦਾ ਜਾਂ ਮੁਰਦਾ ਫੜ ਕੇ ਲਿਆਉਣ ਲਈ ਕਈ ਤਰ੍ਹਾਂ ਦੇ ਇਨਾਮਾਂ ਦਾ ਐਲਾਨ ਕਰ ਦਿੱਤਾ। ਸਿੱਖਾਂ ਨੂੰ ਪਨਾਹ ਦੇਣ ਵਾਲੇ ਨੂੰ ਮੌਤ ਦੀ ਸਜ਼ਾ ਸੁਣਾਈ ਜਾਂਦੀ ਸੀ। ਸਿੱਖਾਂ ਦੇ ਘਰਾਂ ਨੂੰ ਲੁੱਟਣਾ, ਬਰਬਾਦ ਕਰਨਾ ਅਤੇ ਬਾਅਦ ਵਿਚ ਅੱਗ ਲਗਾ ਦੇਣ ਵਾਲੇ ਨੂੰ ਕੋਈ ਸਜ਼ਾ ਨਹੀਂ ਹੁੰਦੀ ਸੀ ਸਗੋਂ ਇਸ ਦੀ ਪੂਰੀ ਖੁਲ੍ਹ ਸੀ। ਜ਼ਕਰੀਆਂ ਖਾਨ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਕਈ ਮੁਖਬਰਾਂ ਦਾ ਜਾਲ ਵਿਛਾ ਦਿੱਤਾ। ਉਸ ਦੇ ਭਰੋਸੇਯੋਗ ਮੁਖਬਰਾਂ ਵਿਚੋਂ ਇਕ ਹਰਭਗਤ ਨਿਰੰਜਨੀਆ ਸੀ ਜਿਨ੍ਹਾਂ ਦੇ ਵਡੇਰਿਆਂ ਦੀ ਰੱਖਿਆ ਨੌਵੇਂ ਨਾਨਕ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੀਤੀ ਸੀ।

ਭਾਈ ਤਾਰੂ ਸਿੰਘ ਜੀ ਖੇਤੀਬਾੜੀ ਕਰਕੇ ਪਰਿਵਾਰ ਦਾ ਨਿਰਬਾਹ ਕਰਦੇ ਅਤੇ ਲੋੜ ਅਨੁਸਾਰ ਕੱਪੜੇ ਅਤੇ ਲੰਗਰ ਤਿਆਰ ਕਰਕੇ ਜੰਗਲਾਂ ਵਿਚ ਰਹਿੰਦੇ ਸਿੱਖਾਂ ਨੂੰ ਭਿਜਵਾਉਂਦੇ। ਸਿੱਖ ਉਸ ਸਮੇਂ ਜੰਗਲਾਂ ਵਿਚ ਰਹਿੰਦੇ ਸਨ ਅਤੇ ਉਥੇ ਹੀ ਜਥੇਬੰਦ ਹੋ ਕੇ ਮੌਕੇ ਅਨੁਸਾਰ ਹਕੂਮਤ ਨਾਲ ਟੱਕਰ ਲੈਂਦੇ ਸਨ। ਲੋਕ ਭਾਈ ਤਾਰੂ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਜਦੋਂ ਹਰਭਗਤ ਨਿਰੰਜਨੀਏ ਨੂੰ ਪਤਾ ਲੱਗਾ ਕਿ ਭਾਈ ਤਾਰੂ ਸਿੰਘ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਮਿੱਤਰ ਹੈ ਅਤੇ ਜੰਗਲਾਂ ਵਿਚ ਰਹਿੰਦੇ ਸਿੱਖਾਂ ਦੀ ਮੱਦਦ ਕਰਦਾ ਹੈ ਤਾਂ ਉਸ ਨੇ ਜ਼ਕਰੀਆ ਖਾਨ ਪਾਸ ਮੁਖਬਰੀ ਕੀਤੀ ਅਤੇ ਹੋਰ ਕਈ ਝੂਠ-ਸੱਚ ਗੱਲਾਂ ਦੱਸੀਆਂ। ਜ਼ਕਰੀਆ ਖਾਨ ਨੇ ਸਿਪਾਹੀਆਂ ਨੂੰ ਹੁਕਮ ਕੀਤਾ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਇਆ ਜਾਵੇ। ਸਿਪਾਹੀਆਂ ਨੇ ਪਿੰਡ ਪੂਹਲੇ ਆ ਕੇ ਭਾਈ ਤਾਰੂ ਸਿੰਘ ਅਤੇ ਇਨ੍ਹਾਂ ਦੀ ਭੈਣ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਪਿੰਡ ਵਾਲਿਆਂ ਨੇ ਸਿਪਾਹੀਆਂ ਨੂੰ ਬਹੁਤ ਸਾਰੇ ਪੈਸੇ ਦੇ ਕੇ ਭਾਈ ਸਾਹਿਬ ਦੀ ਭੈਣ ਨੂੰ ਛੁਡਵਾ ਲਿਆ। ਭਾਈ ਸਾਹਿਬ ਨੂੰ ਲਾਹੌਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ।

ਜਦੋਂ ਭਾਈ ਸਾਹਿਬ ਨੂੰ ਜ਼ਕਰੀਆ ਖਾਨ ਕੋਲ ਪੇਸ਼ ਕੀਤਾ ਗਿਆ ਤਾਂ ਜ਼ਕਰੀਆ ਖਾਨ ਨੇ ਭਾਈ ਸਾਹਿਬ 'ਤੇ ਬਾਗੀਆਂ ਨੂੰ ਸ਼ਰਨ ਦੇਣ, ਜ਼ਰੂਰੀ ਚੀਜ਼ਾਂ ਦਾ ਪਹੁੰਚਾਉਣ ਆਦਿ ਦੇ ਦੋਸ਼ ਲਗਾਏ। ਭਾਈ ਸਾਹਿਬ ਨੇ ਨਿਧੜਕ ਹੋ ਕੇ ਨਵਾਬ ਨੂੰ ਕਿਹਾ ਕਿ ਅਸੀਂ ਜ਼ਮੀਨ ਦਾ ਮਾਲੀਆ ਤੇ ਵਪਾਰ ਦਾ ਟੈਕਸ ਦਿੰਦੇ ਹਾਂ। ਉਸ ਤੋਂ ਇਲਾਵਾ ਜੋ ਨਫ਼ਾ ਸਾਨੂੰ ਹੁੰਦਾ ਹੈ ਜਾਂ ਜੋ ਦਾਣਾ ਬਚਦਾ ਹੈ, ਅਸੀਂ ਆਪਣੇ ਤਨ ਨੂੰ ਭੁੱਖਾ ਰੱਖ ਕੇ ਲੋੜਵੰਦਾਂ ਦੀ ਭੁੱਖ ਦੂਰ ਕਰਦੇ ਹਾਂ। ਇਹ ਸੁਣ ਕੇ ਜ਼ਕਰੀਆ ਖਾਨ ਗੁੱਸੇ ਵਿਚ ਅੱਗ ਭਬੂਲਾ ਹੋ ਗਿਆ। ਹਾਕਮ ਭਾਈ ਸਾਹਿਬ ਨੂੰ ਹਰ ਹੀਲੇ ਦੀਨ-ਏ-ਮੁਹੰਮਦੀ ਵਿਚ ਲਿਆਉਣਾ ਚਾਹੁੰਦਾ ਸੀ ਤਾਂ ਕਿ ਸਿੱਖਾਂ ਦੀ ਦ੍ਰਿੜ੍ਹਤਾ ਨੂੰ ਕਮਜ਼ੋਰ ਕਰਕੇ ਅਤੇ ਇਸ ਦਾ ਪ੍ਰਚਾਰ ਕਰਕੇ ਹੋਰ ਸਿੱਖਾਂ ਨੂੰ ਧਰਮ ਤਬਦੀਲ ਕਰਨ ਲਈ ਜ਼ੋਰ ਪਾਇਆ ਜਾ ਸਕੇ। ਉਸ ਨੇ ਭਾਈ ਸਾਹਿਬ ਨੂੰ ਸਿੱਖਾਂ ਦੀ ਮੱਦਦ ਨਾ ਕਰਨ ਲਈ ਜ਼ੋਰ ਪਾਇਆ ਅਤੇ ਇਹ ਵੀ ਲਾਲਚ ਦਿੱਤਾ ਕਿ ਜੇ ਉਹ ਮੁਸਲਮਾਨ ਬਣ ਜਾਵੇ ਤਾਂ ਉਸ ਨੂੰ ਕਈ ਤਰ੍ਹਾਂ ਦੀਆਂ ਜਾਗੀਰਾ ਦਿੱਤੀਆਂ ਜਾਣਗੀਆਂ। ਭਾਈ ਤਾਰੂ ਸਿੰਘ ਜੀ ਨੂੰ ਸਿੱਖੀ ਵਿਚ ਅਟੱਲ ਵਿਸ਼ਵਾਸ ਸੀ ਅਤੇ ਉਨ੍ਹਾਂ ਨੇ ਜ਼ਕਰੀਆ ਖਾਨ ਦੀ ਕੋਈ ਵੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਜ਼ਕਰੀਆ ਖਾਨ ਨੇ ਗੁੱਸੇ ਵਿਚ ਆ ਕੇ ਕਾਜ਼ੀ ਕੋਲੋਂ ਦਰਬਾਰ ਵਿਚ ਫਤਵਾ ਜਾਰੀ ਕਰਵਾਇਆ ਕਿ ਭਾਈ ਸਾਹਿਬ ਜੀ ਦੇ ਕੇਸ ਕਤਲ ਕਰ ਦਿੱਤੇ ਜਾਣ ਜਿਸ 'ਤੇ ਭਾਈ ਤਾਰੂ ਸਿੰਘ ਜੀ ਨੇ ਜ਼ੋਰ ਨਾਲ ਵਿਰੋਧਤਾ ਜ਼ਾਹਿਰ ਕੀਤੀ ਅਤੇ ਕੇਸ ਕਟਵਾਉਣ ਤੋਂ ਇਨਕਾਰ ਕਰ ਦਿੱਤਾ। ਜ਼ਕਰੀਆ ਖਾਨ ਵੱਲੋਂ ਭਾਈ ਸਾਹਿਬ ਦੇ ਕੇਸ ਸਣੇ ਖੋਪਰੀ ਲਾਹ ਦੇਣ ਦਾ ਹੁਕਮ ਹੋਇਆ ਅਤੇ ਨਾਲ ਇਹ ਵੀ ਹੁਕਮ ਹੋਇਆ ਕਿ ਕੇਸ ਇਸ ਤਰ੍ਹਾਂ ਉਤਾਰੇ ਜਾਣ ਕਿ ਮੁੜ ਕੇ ਉੱਗ ਨਾ ਸਕਣ। ਜ਼ਾਲਮਾਂ ਨੇ ਭਾਈ ਸਾਹਿਬ ਦੀ ਖੋਪਰੀ ਰੰਬੀ ਨਾਲ ਉਤਾਰ ਕੇ ਸਿਰ ਤੋਂ ਵੱਖ ਕਰ ਦਿੱਤੀ ਪਰ ਭਾਈ ਸਾਹਿਬ ਨੇ ਮੁੱਖ ਤੋਂ ਸੀ ਨਹੀਂ ਕੀਤੀ। ਭਾਈ ਸਾਹਿਬ ਦੀ ਖੋਪਰੀ ਲਾਹੁਣ ਤੋਂ ਬਾਅਦ ਉਨ੍ਹਾਂ ਨੂੰ ਨਾਲ ਲੱਗਦੀ ਖਾਈ ਵਿਚ ਸੁੱਟ ਦਿੱਤਾ ਗਿਆ। ਸਿੰਘ ਉਥੇ ਪਿਆ ਗੁਰਬਾਣੀ ਪੜ੍ਹਦਾ ਰਿਹਾ। ਤੀਜੇ ਦਿਨ ਨਵਾਬ ਉਥੋਂ ਦੀ ਲੰਘਿਆ ਤਾਂ ਬਾਣੀ ਦੀ ਆਵਾਜ਼ ਸੁਣ ਕੇ ਬੋਲਿਆ ਓਇ ਸਿੱਖਾ ਤੂੰ ਮਰਿਆ ਨੀ? ਸਿੰਘ ਨੇ ਜਵਾਬ ਦਿੱਤਾ ਤੈਨੂੰ ਤੇ ਤੇਰੇ ਪੁੱਤਰ ਨੂੰ ਅੱਗੇ ਲਾ ਕੇ ਲੈ ਜਾਣ ਲਈ ਨਹੀਂ ਮਰਿਆ। ਅੱਠਵੇਂ ਦਿਨ ਨਵਾਬ ਦਾ ਪੁੱਤਰ ਅਹੀਆ ਖਾਂ ਸ਼ਿਕਾਰ ਖੇਡਣ ਗਿਆ ਤਾਂ ਘੋੜੇ ਉੱਤੋਂ ਡਿੱਗ ਕੇ ਪੈਰ ਰਕਾਬ ਵਿਚ ਫਸ ਕੇ ਘੜੀਸ ਹੁੰਦਾ ਹੁੰਦਾ ਮਰ ਗਿਆ। ਪੰਦਰ੍ਹਾਂ ਦਿਨਾਂ ਬਾਅਦ ਨਵਾਬ ਨੂੰ ਵੀ ਪਿਸ਼ਾਬ ਦਾ ਬੰਨ੍ਹ ਪੈ ਗਿਆ ਤਾਂ ਬੜੇ-ਬੜੇ ਹਕੀਮ, ਵੈਦ ਆਦਿ ਸੱਦੇ ਗਏ ਪਰ ਕੋਈ ਵਾਹ ਪੇਸ਼ ਨਾ ਗਈ। ਸਰਦਾਰ ਸੁਬੇਗ ਸਿੰਘ ਜੀ ਨੂੰ ਬੁਲਾਇਆ ਗਿਆ। ਸਰਦਾਰ ਸੁਬੇਗ ਸਿੰਘ ਜੀ ਭਾਈ ਤਾਰੂ ਸਿੰਘ ਜੀ ਪਾਸ ਗਏ ਤੇ ਬਚਨ ਵਾਪਸ ਲੈਣ ਲਈ ਕਿਹਾ। ਭਾਈ ਤਾਰੂ ਸਿੰਘ ਨੇ ਕਿਹਾ ਕਿ ਹੁਣ ਜ਼ਕਰੀਆ ਖਾਨ ਦੀ ਮੱਦਦ ਸਾਧ ਸੰਗਤ ਹੀ ਕਰ ਸਕਦੀ ਹੈ। ਫਿਰ ਖ਼ਾਲਸਾ ਨੇ ਨਿਰਣਾ ਕੀਤਾ ਕਿ ਜੇਕਰ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਨਵਾਬ ਦੇ ਸਿਰ 'ਤੇ ਲੱਗੇ ਤਾਂ ਪਿਸ਼ਾਬ ਆ ਸਕਦਾ ਹੈ। ਭਾਈ ਸੁਬੇਗ ਸਿੰਘ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਲੈ ਆਇਆ। ਜਿਵੇਂ-ਜਿਵੇਂ ਜੁੱਤੀ ਸਿਰ ਵਿਚ ਵੱਜਦੀ ਗਈ ਤਿਵੇਂ-ਤਿਵੇਂ ਨਵਾਬ ਦੇ ਪਿਸ਼ਾਬ ਦਾ ਬੰਨ੍ਹ ਟੁੱਟਦਾ ਗਿਆ। ਇਸ ਤਰ੍ਹਾਂ ਨਵਾਬ ਜੁੱਤੀਆਂ ਦੀ ਮਾਰ ਖਾਂਦਾ-ਖਾਂਦਾ ਮਰ ਗਿਆ। ਭਾਈ ਸਾਹਿਬ ਜੀ ਦੀ ਖੋਪਰੀ ਉਤਾਰੇ ਜਾਣ ਤੋਂ ਬਾਅਦ ਵੀ ਉਹ 22 ਦਿਨ ਜਿੰਦਾ ਰਹੇ ਅਤੇ ਬਾਣੀ ਦਾ ਜਾਪ ਕਰਦੇ ਰਹੇ। ਲਾਹੌਰ ਦਾ ਇਕ ਤਰਖਾਣ ਹਰ ਰੋਜ਼ ਆ ਕੇ ਹਲਦੀ ਦਾ ਲੇਪ ਬਣਾ ਕੇ ਭਾਈ ਸਾਹਿਬ ਦੇ ਸਿਰ 'ਤੇ ਬੰਨ੍ਹਦਾ ਰਿਹਾ। ਅਖੀਰ ਭਾਈ ਤਾਰੂ ਸਿੰਘ ਜੀ 1745 ਈ. ਨੂੰ ਸ਼ਹੀਦੀ ਪਾ ਗਏ। ਭਾਈ ਤਾਰੂ ਸਿੰਘ ਜੀ ਨੇ ਸਿੱਖੀ ਕੇਸਾਂ, ਸੁਆਸਾਂ ਨਾਲ ਨਿਭਾਈ। ਜਿਥੇ ਇਹ ਭਾਣਾ ਵਾਪਰਿਆ ਉਸ ਜਗ੍ਹਾ ਦਾ ਨਾਮ ਨਖਾਸ ਚੌਂਕ ਸੀ, ਜੋ ਅੱਜਕਲ੍ਹ ਲਾਹੌਰ ਰੇਲਵੇ ਸਟੇਸ਼ਨ ਦੇ ਬਿਲਕੁਲ ਸਾਹਮਣੇ ਹੈ। ਇਸ ਸਥਾਨ 'ਤੇ ਹੀ ਸ਼ਹੀਦ ਗੰਜ ਸਿੰਘਣੀਆਂ ਬਣਿਆ ਹੋਇਆ ਹੈ ਅਤੇ ਇਹ ਸਥਾਨ ਲੰਡਾ ਬਜ਼ਾਰ ਨਾਲ ਵੀ ਮਸ਼ਹੂਰ ਹੈ।

ਆਓ ਅਸੀਂ ਸਿੱਖ ਕੌਮ ਦੇ ਨੌਜਵਾਨਾਂ ਨੂੰ ਸਿੱਖੀ ਲਈ ਦਿੱਤੀਆਂ ਗਈਆਂ ਸ਼ਹੀਦੀਆਂ ਤੋਂ ਜਾਣੂ ਕਰਵਾਈਏ ਅਤੇ ਕੇਸਾਂ ਦੇ ਮਹੱਤਵ ਬਾਰੇ ਉਨ੍ਹਾਂ ਨੂੰ ਦੱਸੀਏ। ਸਿੱਖੀ ਨੂੰ ਕਾਇਮ ਰੱਖਣਾ ਹੀ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

# ਮੀਰੀ-ਪੀਰੀ ਦੇ ਮਾਲਿਕ ਗੁਰੂ ਹਰਿਗੋਬਿੰਦ ਸਾਹਿਬ



ਇਤਿਹਾਸਕਾਰ 'ਛਠਮ ਪੀਰ' ਦੇ ਗੁਰਿਆਈ ਕਾਲ ਨੂੰ ਸਿੱਖ ਲਹਿਰ ਦਾ ਮਹੱਤਵਪੂਰਨ ਪੜਾਅ ਮੰਨਦੇ ਹਨ। ਗੁਰੂ ਅਰਜਨ ਸਾਹਿਬ ਦੇ ਸੁਚੱਜੇ ਪ੍ਰਬੰਧ ਅਤੇ ਸਿੱਖੀ ਵਿਚਾਰਧਾਰਾ ਦੀ ਸਰਲਤਾ ਨੇ ਹਰ ਆਮ ਵਿਅਕਤੀ ਨੂੰ ਪ੍ਰਭਾਵਿਤ ਕੀਤਾ ਸੀ। ਸਿਮਰਨ, ਨਿਮਰਤਾ, ਸੇਵਾ ਅਤੇ ਵੰਡ ਛਕਣ ਵਰਗੇ ਗੁਣਾਂ ਕਰਕੇ ਲੋਕ-ਸਮੂਹ ਸਿੱਖ ਮੱਤ ਵਿਚ ਪ੍ਰਵੇਸ਼ ਕਰ ਰਹੇ ਸਨ। ਅੰਮ੍ਰਿਤਸਰ ਅਤੇ ਹੋਰ ਕੇਂਦਰਾਂ ਉੱਪਰ ਹਰ ਸਮੇਂ ਸ਼ਰਧਾਲੂਆਂ ਦੀ ਭੀੜ ਲੱਗੀ ਰਹਿੰਦੀ ਸੀ। ਸ਼ਰਧਾਲੂਆਂ ਦੀਆਂ ਭੇਟਾਵਾਂ ਅਤੇ ਮਸੰਦਾਂ ਦੁਆਰਾ ਇਕੱਠਾ ਕੀਤਾ ਦਸਵੰਧ, ਗੁਰੂ-ਘਰ ਨੂੰ ਕਦੇ ਆਰਥਿਕ ਸੰਕਟ ਨਾ ਆਉਣ ਦਿੰਦਾ।

ਬੀਰਬਲ ਅਤੇ ਚੰਦੂ, ਹਿੰਦੂ ਮੁਸਲਮਾਨ ਸੋਚ ਦੇ ਪ੍ਰਤੀਨਿਧ ਵਜੋਂ ਹਕੂਮਤ ਦੇ ਕੰਨ ਭਰਦੇ ਰਹੇ ਅਤੇ ਪ੍ਰਿਥੀ ਚੰਦ ਵੀ ਹਾਕਮਾਂ ਕੋਲ 'ਹੱਕ' ਲੈਣ ਲਈ ਦਰਖਾਸਤਾਂ ਦਿੰਦਾ ਰਿਹਾ। ਨਕਸ਼ਬੰਦੀ ਮੁਸਲਮਾਨ ਤਾਂ ਸਮੇਂ ਦੇ ਬਾਦਸ਼ਾਹ ਨੂੰ ਉਂਗਲਾਂ ਉੱਪਰ ਨਚਾਉਣਾ ਚਾਹੁੰਦੇ ਸਨ। ਸਭ ਤਰ੍ਹਾਂ ਦੇ ਵਿਰੋਧੀ ਇਕੱਠੇ ਨਜ਼ਰ ਆ ਰਹੇ ਸਨ। ਖੁਸਰੋ ਦੀ ਮਦਦ ਕਰਨ ਦਾ ਦੋਸ਼, ਕੰਨਾਂ ਦੇ ਕੱਚੇ ਬਾਦਸ਼ਾਹ ਅਤੇ ਵਿਰੋਧੀਆਂ ਲਈ ਕਾਫੀ ਸੀ। ਇਹ ਗੱਠਜੋੜ ਸਮਝਦਾ ਸੀ ਕਿ ਇਕ ਝਟਕੇ ਨਾਲ ਲਹਿਰ ਨੂੰ ਖਦੇੜ ਦਿੱਤਾ ਜਾਵੇ। ਸੰਨ ੧੬੦੬ ਈ. ਨੂੰ ਲਾਹੌਰ ਵਿਖੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਗਿਆਰਾਂ ਵਰ੍ਹਿਆਂ ਦੀ ਸੀ। 19 ਜੂਨ 1595 ਈ. ਨੂੰ ਗੁਰੂ ਕੀ ਵਡਾਲੀ ਵਿਖੇ ਗੁਰੂ ਅਰਜਨ ਸਾਹਿਬ ਦੇ ਘਰ, ਮਾਤਾ ਗੰਗਾ ਜੀ ਦੇ ਉਦਰ ਤੋਂ 'ਦਲਿਭੰਜਨ ਗੁਰੂ ਸੂਰਮਾ' ਜਨਮਿਆ। ਪ੍ਰਿਥੀ ਚੰਦ ਦੀਆਂ ਮਨ ਦੀਆਂ ਮਨ ਵਿਚ ਰਹਿ ਗਈਆਂ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇਂ ਗੁਰੂ ਅਰਜਨ ਸਾਹਿਬ ਦੇ ਆਦੇਸ਼ ਮੁਤਾਬਿਕ, ਸਿੱਖ ਮੱਤ ਦੇ ਫ਼ੌਜੀਕਰਨ ਦਾ ਐਲਾਨ ਕੀਤਾ। ਗੁਰਗੱਦੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਸਤਾਰ ਅਤੇ ਦੋ ਤਲਵਾਰਾਂ ਪਹਿਨੀਆਂ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਸੰਤ-ਸਿਪਾਹੀ ਬਣਾਉਣ ਲਈ, ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਦੂਰ-ਨੇੜੇ ਦੇ ਸਿੱਖਾਂ ਨੂੰ ਅੰਮ੍ਰਿਤਸਰ ਬੁਲਵਾਇਆ ਅਤੇ ਉਨ੍ਹਾਂ ਨੂੰ ਚੰਗੇ ਹਥਿਆਰ ਅਤੇ ਘੋੜੇ ਨਜ਼ਰਾਨੇ ਵਜੋਂ ਲਿਆਉਣ ਲਈ ਕਿਹਾ। ਬਾਅਦ ਵਿਚ ਚੰਗੇ ਘੋੜਿਆਂ ਦੀ ਖਰੀਦ ਲਈ ਕੁਝ ਸਿੱਖਾਂ ਨੂੰ ਬੁਖ਼ਾਰੇ ਵੀ ਭੇਜਿਆ ਗਿਆ। ਸਿੱਖਾਂ ਲਈ ਸ਼ਸਤਰ-ਵਿੱਦਿਆ ਦਾ ਪ੍ਰਬੰਧ ਕੀਤਾ ਅਤੇ ਛੇਤੀ ਹੀ ਗੁਰੂ ਜੀ ਕੋਲ ਬਹਾਦਰ ਗੱਭਰੂਆਂ ਦੀ ਇਕ ਫ਼ੌਜ ਤਿਆਰ ਹੋ ਗਈ।


**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**99153-57524**




ਜਿਸ ਦਿਨ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਕਿਰਪਾਨਾਂ ਪਹਿਨੀਆਂ ਅਤੇ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ ਗਿਆ, ਉਸ ਦਿਨ ਆਮ ਸਿੱਖ ਭੰਬਲਭੂਸੇ ਵਿਚ ਪੈ ਗਏ ਸਨ। ਬਹੁਤ ਸਾਰੀ ਸੰਗਤ ਗੁਰੂ ਸਾਹਿਬ ਨੂੰ ਰਾਹੋਂ 'ਲਾਂਭੇ' ਪਿਆ ਸਮਝਣ ਲੱਗੀ ਸੀ। ਕੁਝ ਮੋਹਿਤਬਰਾਂ ਨੇ ਮਾਤਾ ਜੀ ਪਾਸ 'ਸ਼ਿਕਾਇਤ' ਵੀ ਕੀਤੀ ਸੀ। ਇਸ ਸਮੇਂ ਵੱਡਾ ਸੰਕਟ ਖੜ੍ਹਾ ਹੋ ਗਿਆ ਸੀ। ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਵਰਗੇ ਮਹਾਂਪੁਰਸ਼ਾਂ ਨੇ ਇਸ ਸਮੇਂ ਵੱਡੀ ਮਿਹਨਤ ਉਪਰੰਤ, ਸੰਗਤਾਂ ਨੂੰ ਗੁਰੂ-ਦਰ ਨਾਲ ਜੋੜੀ ਰੱਖਿਆ। ਭਾਈ ਗੁਰਦਾਸ ਜੀ ਨੇ ਇਸ ਪ੍ਰਥਾਏ ਕਈ ਪਉੜੀਆਂ ਰਚੀਆਂ ਅਤੇ ਉਨ੍ਹਾਂ ਸੰਗਤਾਂ ਨੂੰ ਸਮਝਾਇਆ ਕਿ ਗੁਰੂ ਹਰਿਗੋਬਿੰਦ ਸਾਹਿਬ ਉਸੇ ਮਾਲਾ ਦੇ ਮੋਤੀ ਹਨ, ਜਿਸ ਦੇ ਪਹਿਲੇ ਪੰਜ ਗੁਰੂ-ਸਾਹਿਬਾਨ ਸਨ। ਸੰਗਤਾਂ ਨੇ ਜਲਦੀ ਹੀ ਗੁਰੂ-ਕਾਜ ਲਈ ਮਰ-ਮਿਟਣ ਨੂੰ ਧੰਨ ਸਮਝ ਲਿਆ। ਗੱਭਰੂਆਂ ਨੇ ਆਪਣੀਆਂ ਜਵਾਨੀਆਂ ਨੂੰ ਗੁਰੂ ਅੱਗੇ ਸਮਰਪਣ ਕਰਕੇ, ਧੰਨ ਕਰ ਲਿਆ ਸੀ।

ਇਸ ਫ਼ੌਜੀਕਰਨ ਦਾ ਅਗਲਾ ਪੜਾਅ ਸੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਐਲਾਨ! ਹਰਿਮੰਦਰ ਸਾਹਿਬ ਦੇ ਸਾਹਮਣੇ ਸੰਨ ੧੬੦੬ ਈ. ਨੂੰ ਅਕਾਲ ਤਖਤ ਦੀ ਨੀਂਹ ਰੱਖੀ ਗਈ। ਇਸ ਇਮਾਰਤ ਨੂੰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੀ ਹੱਥੀਂ ਬਣਾਇਆ। ਸੰਨ ੧੬੦੬ ਈ. ਨੂੰ ਦੁਨੀਆਂ ਵਿਚ ਪਹਿਲੀ ਵੇਰਾਂ ਅਕਾਲ ਤਖ਼ਤ ਦਾ ਸੰਕਲਪ ਸਾਕਾਰ ਹੋਇਆ। ਝੂਠੇ ਬਾਦਸ਼ਾਹਾਂ ਦੇ ਕੂੜੇ ਤਖ਼ਤਾਂ ਦੀ ਥਾਂ ਸੱਚੇ ਪਾਤਸ਼ਾਹ ਦਾ ਅਕਾਲੀ ਤਖ਼ਤ ਸੀ। ਇਸ ਅਸਥਾਨ 'ਤੇ ਨਿਸ਼ਾਨ ਸਾਹਿਬ ਅਤੇ ਨਗਾਰਾ ਵੀ ਸਥਾਪਤ ਕੀਤੇ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਜਿਹੇ ਤਖ਼ਤ ਦੀ ਰਚਨਾ ਕਰਕੇ, ਸੰਗਤਾਂ ਦੇ ਮਨਾਂ ਵਿਚੋਂ ਹਕੂਮਤ ਦੇ ਦਬਦਬੇ ਨੂੰ ਖਤਮ ਕਰ ਦਿੱਤਾ ਸੀ। ਗੁਰੂ ਸਾਹਿਬ ਦੇ ਦਰਬਾਰ ਦੀ ਸ਼ਾਨੋ-ਸ਼ੌਕਤ, ਸ਼ਾਹੀ ਦਰਬਾਰ ਦਾ ਮੂੰਹ ਚਿੜਾਉਂਦੀ ਸੀ। ਇਸ ਦਰਬਾਰ ਵਿਚ ਲੋਕਾਂ ਦੇ ਝਗੜੇ ਹੱਲ ਕੀਤੇ ਜਾਂਦੇ ਸਨ। ਵਿਰੋਧੀ ਤਾਕਤਾਂ ਚਿੰਤਤ ਹੋ ਗਈਆਂ। ਉਨ੍ਹਾਂ ਨੇ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਹਰਿਗੋਬਿੰਦ ਸਾਹਿਬ ਫ਼ੌਜ ਇਕੱਠੀ ਕਰਕੇ, ਆਪਣੇ ਗੁਰੂ-ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਲਈ, ਹਕੂਮਤ ਨਾਲ ਟਕਰਾਉਣਾ ਚਾਹੁੰਦੇ ਹਨ। ਮਿਲੀਆਂ ਰਿਪੋਰਟਾਂ ਦੇ ਆਧਾਰ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ੧੬੦੬ ਈ. ਨੂੰ ਗ੍ਰਿਫ਼ਤਾਰ ਕਰਕੇ, ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਆਪ ਜੀ ਨੂੰ ੧੨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਪਰ ੧੬੧੧ ਈ. ਨੂੰ ਬਾਦਸ਼ਾਹ ਨੇ ਆਪ ਜੀ ਨੂੰ ਰਿਹਾ ਕਰਨ ਦਾ ਹੁਕਮ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਦਰਮਿਆਨ ਸਿੱਖ ਸੰਗਠਨ ਦੀ ਮਜ਼ਬੂਤੀ ਅਤੇ ਵਾਧੇ ਲਈ ਦੇਸ਼ ਭਰ ਵਿਚ ਦੌਰਾ ਕੀਤਾ। ਉਨ੍ਹਾਂ ਨੇ ਗੁਰਮਤਿ ਵਿਚਲੇ ਮੀਰੀ-ਪੀਰੀ ਦੇ ਸੁਮੇਲ ਦੇ ਸਿਧਾਂਤ ਦੀ ਮਹੱਤਤਾ, ਉਸ ਸਮੇਂ ਦੇ ਧਾਰਮਕ ਆਗੂਆਂ ਨੂੰ ਦੱਸੀ। ਗੁਰੂ ਜੀ ਨੇ ਧਰਮ ਦੇ ਸਮਾਜਕ ਮਹੱਤਵ ਨੂੰ ਸਮਝ ਲਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਣਿਆਂ ਅਤੇ ਉਦਾਸੀਆਂ ਨੂੰ, ਸਿੱਖ-ਸੰਗਠਨ ਵਿਚ ਲਿਆਉਣ ਦੇ ਯਤਨ ਕੀਤੇ।

ਇਸਲਾਮ ਤੋਂ ਬਾਅਦ ਇਹ ਸਿੱਖ ਮੱਤ ਹੀ ਸੀ, ਜਿਸ ਦਾ ਫ਼ੌਜੀਕਰਨ ਹੋਇਆ। ਇਹੀ ਕਾਰਨ ਹੈ ਕਿ ਬਹੁਤੇ ਮੁਸਲਿਮ ਵਿਦਵਾਨਾਂ ਨੇ ਤਾਂ ਇਸ ਫ਼ੌਜੀਕਰਨ ਦੀ ਘਟਨਾ ਨੂੰ ਸਮਝ ਲਿਆ ਹੈ, ਜਦੋਂ ਕਿ ਹਿੰਦੂ ਅਤੇ ਈਸਾਈ ਪਿੱਠਭੂਮੀ ਵਾਲੇ ਵਿਦਵਾਨ, ਇਸ ਘਟਨਾ ਨੂੰ ਸਮਝਣ ਤੋਂ ਅਸਮਰਥ ਰਹੇ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਨੀਤੀਆਂ ਦੇ ਦੂਰ-ਅੰਦਾਜ਼ ਪ੍ਰਭਾਵ ਪਏ। ਬਾਅਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਤ-ਸਿਪਾਹੀਆਂ ਦੇ ਇਸ ਮੱਤ ਨੂੰ ਸਦੀਵਤਾ ਪ੍ਰਦਾਨ ਕੀਤੀ। ਆਧੁਨਿਕ ਸਮੇਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਪ੍ਰਚਾਰੇ ਮੀਰੀ-ਪੀਰੀ ਦੇ ਸਿਧਾਂਤ ਦਾ ਭਾਰੀ ਮਹੱਤਵ ਹੈ। ਧਰਮ ਨੇ ਜ਼ਿੰਦਾ ਰਹਿਣਾ ਹੈ ਤਾਂ ਜ਼ਰੂਰੀ ਹੈ ਕਿ ਧਰਮ, ਮਨੁੱਖੀ ਸਮੱਸਿਆਵਾਂ ਨੂੰ ਹੱਲ ਕਰੇ ਜਾਂ ਹੱਲ ਕਰਾਉਣ ਵਿਚ ਆਪਣਾ ਹਿੱਸਾ ਪਾਵੇ।

ਧਰਮ ਮਨੁੱਖ ਦੀ ਅਧਿਆਤਮਕ ਉਨਤੀ ਦੇ ਨਾਲ-ਨਾਲ ਵਿਗਿਆਨ, ਟਕਨਾਲੋਜੀ, ਉਤਪਾਦਨ ਅਤੇ ਉਸ ਦੀ ਪਦਾਰਥਕ ਖੁਸ਼ਹਾਲੀ ਵਿਚ ਵਾਧਾ ਕਰੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਧਰਮ ਨੂੰ ਜ਼ਿੰਦਾ ਰੂਹਾਂ ਦਾ ਧਰਮ ਬਣਾ ਕੇ, ਸਿੱਖ-ਸੰਗਠਨ ਵਿਚ ਉਤਸ਼ਾਹ ਅਤੇ ਮਰਨ ਦਾ ਚਾਓ ਭਰ ਦਿੱਤਾ। ਸਿੱਖ ਜੀਵਨ-ਜਾਂਚ ਵਿਚ ਮੀਰੀ-ਪੀਰੀ, ਭਗਤੀ-ਸ਼ਕਤੀ, ਦੇਗ-ਤੇਗ, ਸੰਤ-ਸਿਪਾਹੀ, ਲੋਕ-ਪਰਲੋਕ ਅਤੇ ਧਰਮ-ਰਾਜਨੀਤੀ ਵਿਚ ਸੁਮੇਲ ਅਤੇ ਸੰਤੁਲਨ ਕਰ ਦਿੱਤਾ। ਇਸ ਅਦੁੱਤੀ ਸੁਮੇਲ ਤੇ ਸੰਤੁਲਨ ਵਾਲੇ ਸਿਧਾਂਤ ਕਰਕੇ, ਸਿੱਖ ਮੱਤ ਨੇ ਸੰਸਾਰ ਦੇ ਇਤਿਹਾਸ ਵਿਚ ਆਪਣੀ ਨਿਵੇਕਲੀ ਦਿੱਖ ਅਤੇ ਪਹਿਚਾਣ ਬਣਾ ਲਈ ਹੈ।

● ● ●

# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਉਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਅਮੋਲਕ ਬਚਨ

ਇੱਕ ਵੇਰ ਦਾਸ ਭੀ ਬੜਾ ਔਖਾ ਹੋ ਕੇ ਆਪ ਜੀ ਦੇ ਦਰਸ਼ਨਾਂ ਲਈ ਪੁੱਜਾ। ਮੈਂ ਕਿਹਾ-ਮਹਾਰਾਜ! ਕਿਥੇ ਬੈਠ ਗਏ ਹੋ, ਕੋਈ ਰਾਹ ਨਹੀਂ ਆਉਣ ਦਾ, ਕੋਈ ਸਾਧਨ ਨਹੀਂ। ਕੋਈ ਸ਼ਰਧਾਲੂ ਤੁਹਾਡੇ ਦਰਸ਼ਨ ਕਰਨ ਲਈ ਆਵੇਗਾ ਕਿਸ ਤਰ੍ਹਾਂ? ਇਥੇ ਪੁੱਜੇਗਾ ਕਿਸ ਤਰ੍ਹਾਂ?

ਆਪ ਜੀ ਨੇ ਬੜੇ ਵਜਦ ਵਿੱਚ ਆ ਕੇ ਬਚਨ ਕੀਤਾ-ਸਭ ਕੁੱਝ ਠੀਕ ਹੋ ਜਾਵੇਗਾ। ਸੜਕਾਂ ਵੀ ਬਣ ਜਾਣਗੀਆਂ। ਆਉਣ ਜਾਣ ਦੇ ਸਾਧਨ ਭੀ ਬਹੁਤ ਚੰਗੇ ਹੋ ਜਾਣਗੇ। ਮੈਂ ਇਸ ਤਰ੍ਹਾਂ ਦੇ ਆਪ ਦੇ ਬਚਨ ਸੁਣ ਕੇ ਚੁੱਪ ਕਰ ਗਿਆ।

ਸੰਤ ਬਾਬਾ ਦਰਸ਼ਨ ਸਿੰਘ ਜੀ ਘਨੂੰਪੁਰ ਕਾਲੇ ਵਾਲੇ ਕੁੱਝ ਸਮਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਲ ਰਹੇ ਸਨ। ਆਪ ਕਹਿੰਦੇ ਹਨ ਕਿ ਮੈਂ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਕਿਹਾ ਕਿ ਮਹਾਰਾਜ! ਇਹ ਲੋਕ ਕਲਰ ਦੇ ਚਾਵਲ ਖਾਣ ਵਾਲੇ, ਤੁਸੀਂ ਇਨ੍ਹਾਂ ਨੂੰ ਕਿਥੇ ਬੰਜਰ ਜ਼ਮੀਨਾਂ ਤੇ ਲਿਆ ਬਿਠਾਇਆ ਹੈ। ਆਪ ਨੇ ਬਚਨ ਕੀਤਾ-ਦਰਸ਼ਨ ਸਿੰਘ, ਇਨ੍ਹਾਂ ਜ਼ਮੀਨਾਂ ਵਿਚ ਇਤਨਾ ਝੋਨਾ ਤੇ ਬਾਸਮਤੀ ਹੋਵੇਗੀ ਕਿ ਇਨ੍ਹਾਂ ਪਾਸੋਂ ਸਾਂਭਿਆ ਨਹੀਂ ਜਾਣਾ। ਆਪ ਨੇ ਫੁਰਮਾਇਆ ਕਿ ਇਹ ਧਰਤੀ ਸੋਨਾ ਪੈਦਾ ਕਰੇਗੀ।

ਉਸ ਰਾਜ ਯੋਗੀ ਮਹਾਂਪੁਰਖ ਦੇ ਕੀਤੇ ਬਚਨ ਅੱਜ ਪ੍ਰਤੱਖ ਸੱਚੇ ਹੁੰਦੇ ਨਜ਼ਰ ਆਉਂਦੇ ਹਨ। ਕਿਸ ਤਰ੍ਹਾਂ ਇਨ੍ਹਾਂ ਜ਼ਮੀਨਾਂ ਵਿਚ ਅੱਜ ਝੋਨਾ, ਕਨਕ ਪੈਦਾ ਹੋ ਰਹੀ ਹੈ ਅਤੇ ਜਿਥੇ ਆਉਣ ਲਈ ਕੋਈ ਸਵਾਰੀ ਨਹੀਂ ਸੀ ਮਿਲਦੀ, ਅੱਜ ਉਥੇ ਜਰਨੈਲੀ ਸੜਕ ਵਾਂਗ ਬੱਸਾਂ ਹਰ ਇੱਕ ਪਾਸੇ ਜਾਣ ਲਈ ਹਰ ਵਕਤ ਮਿਲਦੀਆਂ ਹਨ। ਉਸ ਮਹਾਨ ਤਪੱਸਵੀ ਦੂਰ-ਅੰਦੇਸ਼ ਕਥਨੀ-ਕਰਨੀ ਦੇ ਪੂਰੇ ਰਾਜ ਯੋਗੀ ਮਹਾਂਪੁਰਖ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਲੁਬਾਣਾ ਬਰਾਦਰੀ ਲਈ ਕੀਤੀ ਭਾਰੀ ਕੁਰਬਾਨੀ, ਜਿਸ ਦਾ ਕੁੱਝ ਬਦਲ ਨਹੀਂ ਦਿੱਤਾ ਜਾ ਸਕਦਾ। ਲੁਬਾਣਾ ਬਰਾਦਰੀ ਆਪ ਜੀ ਦੀ ਭਾਰੀ ਰਿਣੀ ਹੈ, ਜਿਨ੍ਹਾਂ ਲਈ ਆਪ ਜੀ ਨੇ ਜੋ ਕੀਤਾ ਹੈ, ਉਹ ਲਿਖਣ ਅਤੇ ਕਹਿਣ ਤੋਂ ਬਾਹਰ ਹੈ।

## ਲੋਕਾਂ ਦੀਆਂ ਅਮਾਨਤਾਂ ਪਹੁੰਚਾਣੀਆਂ

ਆਪ ਜੀ ਦਾ ਆਲੇ-ਦੁਆਲੇ ਦੇ ਮੁਸਲਮਾਨਾਂ ਤੇ ਦਬਦਬਾ ਸੀ। ਇਸ ਲਈ ਪਿੰਡਾਂ ਦੇ ਸਿੱਖ ਬਹੁਤ ਸਾਰਾ ਸਮਾਨ ਪਹਿਲੇ ਭੀ ਮੁਰਾਲੇ ਡੇਰੇ ਹੀ ਰੱਖ ਜਾਂਦੇ ਸਨ ਅਤੇ ਆਪ ਹਿੰਦੋਸਤਾਨ ਦੇ ਕਈ ਇਲਾਕਿਆਂ ਵਿਚ ਵਪਾਰ ਕਰਨ ਲਈ ਕਈ-ਕਈ ਮਹੀਨੇ ਰਹਿੰਦੇ ਸਨ। ਵਾਪਸ ਆ ਕੇ ਆਪਣਾ ਸਮਾਨ ਲੈ ਲੈਂਦੇ ਸਨ। ਹਿੰਦੋਸਤਾਨ ਦੀ ਆਜ਼ਾਦੀ ਤੇ ਪਾਕਿਸਤਾਨ ਦੇ ਰੌਲੇ-ਰੱਲੇ ਤੋਂ ਡਰਦੇ ਇਸ ਵੇਰ ਇਹ ਲੋਕ ਹੋਰ ਸਮਾਨ ਤੋਂ ਇਲਾਵਾ ਜ਼ੇਵਰ ਆਦਿ ਤੇ ਹੋਰ ਕਈ ਤਰ੍ਹਾਂ ਦਾ ਸੋਨਾ ਵੀ ਮਹਾਂਪੁਰਖਾਂ ਦੇ ਪਾਸ ਅਮਾਨਤਾਂ ਰੱਖ ਗਏ ਹੋਏ ਸਨ। ਜਿਸ ਤਰ੍ਹਾਂ ਕਿ ਪਹਿਲੇ ਦੱਸ ਆਇਆ ਹਾਂ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਲੋਕਾਂ ਦੀਆਂ ਅਮਾਨਤਾਂ ਵੀ ਆਪਣੇ ਨਾਲ ਲੈ ਆਏ ਸਨ। ਆਪ ਜੀ ਨੇ ਸੋਚਿਆ ਕਿ ਸਰੀਰ ਦਾ ਕੋਈ ਭਰੋਸਾ ਨਹੀਂ। ਆਪ ਜੀ ਨੇ ਲੋਕਾਂ ਦੀਆਂ ਅਮਾਨਤਾਂ ਉੱਥੇ-ਉੱਥੇ ਆਪ ਜਾ ਕੇ ਉਨ੍ਹਾਂ ਨੂੰ ਦਿੱਤੀਆਂ ਜਿੱਥੇ ਇਹ ਲਖਨਊ, ਕਾਹਨਪੁਰ, ਮਿਰਜ਼ਾਪੁਰ, ਬੰਗਾਲ ਆਦਿ ਵਿਚ ਬੈਠੇ ਹੋਏ ਸਨ। ਇਹ ਉਹ ਸਮਾਂ ਸੀ ਜਦੋਂ ਕਿ ਜੋ ਚੀਜ਼ ਕਿਸੇ ਦੇ ਹੱਥ ਆ ਗਈ, ਉਸ ਨੇ ਮੋੜ ਕੇ ਕਿਸੇ ਨੂੰ ਨਹੀਂ ਦਿੱਤੀ, ਭਾਵੇਂ ਕੋਈ ਕਿਤਨਾ ਭੀ ਕਿਸੇ ਦਾ ਨਜ਼ਦੀਕੀ ਰਿਸ਼ਤੇਦਾਰ ਸੀ। ਪਰ ਦੇਖੋ ਉਸ ਪਵਿੱਤਰ ਆਤਮਾ ਦੀ ਇਮਾਨਦਾਰੀ ਕਿ ਕਿਸ ਤਰ੍ਹਾਂ ਉਨ੍ਹਾਂ ਦੀਆਂ ਚੀਜ਼ਾਂ ਭਾਰੀ ਮੁਸੀਬਤ ਵਿਚ ਲੈ ਕੇ ਆਏ, ਫਿਰ ਆਪ ਜਾ ਕੇ ਜਿੱਥੇ-ਜਿੱਥੇ ਕੋਈ ਬੈਠਾ ਸੀ, ਉਥੇ-ਉਥੇ ਆਪ ਪਹੁੰਚ ਕੇ ਉਨ੍ਹਾਂ ਦੀਆਂ ਚੀਜ਼ਾਂ ਸਹੀ ਸਲਾਮਤ ਪਹੁੰਚਾਈਆਂ। ਇਸ ਬਚਨ ਤੇ ਪੂਰਾ ਅਮਲ ਕਰ ਵਿਖਾਇਆ:


**"ਵਸਤ ਪਰਾਈ ਕਿਉ ਰਖੀਐ ਦਿਤੀ ਹੂ ਸੁਖੁ ਹੋਇ ॥"**

ਜਿਉਂਦਿਆਂ ਤਾਂ ਭਲਾ ਕੋਈ ਕਿਸੇ ਦੀ ਚੀਜ਼ ਲੈ ਕੇ ਮੋੜ ਦੇਵੇ ਤਾਂ ਬੜੀ ਗੱਲ ਨਹੀਂ, ਪਰ ਸੰਤ ਬਾਬਾ ਪ੍ਰੇਮ ਸਿੰਘ ਜੀ ਕਿਸੇ ਦੇ ਮਰ ਜਾਣ ਉਪਰੰਤ ਭੀ ਉਸ ਦੀ ਅਮਾਨਤ ਦਾ ਕਰਜ਼ਾ ਆਪਣੇ ਸਿਰ ਤੇ ਨਹੀਂ ਸੀ ਰਹਿਣ ਦਿੰਦੇ। ਜਿਸ ਤਰ੍ਹਾਂ ਕਿ ਸ. ਗੁਰਦਿੱਤ ਸਿੰਘ ਆਸਟਰੇਲੀਆ ਵਾਲਿਆਂ ਦਾ ਕਰਜ਼ਾ ਆਪ ਨੇ ਸਿਰ ਤੋਂ ਲਾਹਿਆ, ਜਿਨ੍ਹਾਂ ਦਾ ਜ਼ਿਕਰ ਮੈਂ ਪਿੱਛੇ ਕਰ ਆਇਆ ਹਾਂ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

**ਸ਼ਹੀਦੀ ਦਿਹਾੜੇ ’ਤੇ ਵਿਸ਼ੇਸ਼**

# ਆਜ਼ਾਦੀ ਦਾ ਪ੍ਰਵਾਨਾ ਸ਼ਹੀਦ ਊਧਮ ਸਿੰਘ



ਪੰਜਾਬ ਦੀ ਧਰਤੀ ਨੂੰ ਗੁਰੂਆਂ, ਪੀਰਾਂ, ਯੋਧਿਆਂ ਅਤੇ ਸ਼ਹੀਦਾਂ ਦੀ ਧਰਤੀ ਹੋਣ ਦਾ ਮਾਣ ਹਾਸਲ ਹੈ। ਇਸ ਧਰਤੀ ’ਤੇ ਅਨੇਕਾਂ ਯੋਧਿਆਂ ਨੇ ਜਨਮ ਲਿਆ ਅਤੇ ਗੁਰੂ ਮਹਾਰਾਜ ਦੇ ਹੁਕਮ ਅਨੁਸਾਰ ਆਪੋ ਆਪਣਾ ਫਰਜ਼ ਨਿਭਾ ਕੇ ਰੁਖਸਤ ਹੋਏ। ਇਸ ਧਰਤੀ ਨੇ ਅਜਿਹੇ ਸੂਰਮਿਆਂ ਨੂੰ ਜਨਮ ਦਿੱਤਾ, ਜਿਨ੍ਹਾਂ ਦੇਸ਼ ਨੂੰ ਆਜ਼ਾਦ ਕਰਾਉਣ ਦੀ ਖ਼ਾਤਰ ਹੱਸਦਿਆਂ-ਹੱਸਦਿਆਂ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਫ਼ਾਂਸੀ ਚੜ੍ਹਨ ਲੱਗਿਆਂ ਫ਼ਾਸੀ ਦੇ ਰੱਸੇ ਨੂੰ ਚੁੰਮਦਿਆਂ ਆਪਣੇ ਗਲ ਵਿਚ ਆਪਣੇ ਹੱਥੀਂ ਆਪ ਪਾਇਆ ਅਤੇ ਲਾੜੀ ਸਮਝਿਆ। ਇਹੋ ਜਿਹੇ ਸ਼ਹੀਦਾਂ ਵਿਚੋਂ ਹੀ ਇਕ ਮਹਾਨ ਯੋਧਾ ਸੀ ਸ਼ਹੀਦ ਊਧਮ ਸਿੰਘ।

ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ, 1899 ਈ: ਨੂੰ ਸੁਨਾਮ (ਪੰਜਾਬ) ਵਿਚ ਸ: ਟਹਿਲ ਸਿੰਘ ਦੇ ਘਰ ਹੋਇਆ। ਸ: ਟਹਿਲ ਸਿੰਘ ਰੇਲਵੇ ਫਾਟਕ ’ਤੇ ਡਿਊਟੀ ਕਰਦਾ ਸੀ। ਊਧਮ ਸਿੰਘ ਦੇ ਬਚਪਨ ਦਾ ਨਾਂਅ ਸ਼ੇਰ ਸਿੰਘ ਸੀ ਅਤੇ ਉਸ ਦਾ ਇਕ ਭਰਾ ਮੁਕਤਾ ਸਿੰਘ ਸੀ। ਸ਼ੇਰ ਸਿੰਘ ਅਤੇ ਉਸ ਦੇ ਭਰਾ ’ਤੇ ਮੁਸੀਬਤਾਂ ਦਾ ਪਹਾੜ ਉਸ ਵੇਲੇ ਡਿੱਗਾ ਜਦੋਂ ਉਨ੍ਹਾਂ ਦੇ ਮਾਤਾ-ਪਿਤਾ ਬਚਪਨ ਵਿਚ ਹੀ ਪ੍ਰਲੋਕ ਸਿਧਾਰ ਗਏ। ਇਸ ਸਮੇਂ ਸ਼ੇਰ ਸਿੰਘ ਦੀ ਉਮਰ ਕੇਵਲ 7 ਸਾਲ ਸੀ 24 ਅਕਤੂਬਰ, 1907 ਨੂੰ ਸ਼ੇਰ ਸਿੰਘ ਅਤੇ ਉਸ ਦਾ ਭਰਾ ਮੁਕਤਾ ਸਿੰਘ ਅੰਮ੍ਰਿਤਸਰ ਦੇ ਸੈਂਟਰਲ ਖ਼ਾਲਸਾ ਯਤੀਮਖਾਨੇ ਪਹੁੰਚ ਗਏ। ਯਤੀਮਖਾਨੇ ਦੇ ਨਿਯਮਾਂ ਅਨੁਸਾਰ ਸ਼ੇਰ ਸਿੰਘ ਦਾ ਨਾਂਅ ਬਦਲ ਕੇ ਊਧਮ ਸਿੰਘ ਅਤੇ ਮੁਕਤਾ ਸਿੰਘ ਦਾ ਨਾਂਅ ਬਦਲ ਕੇ ਸਾਧੂ ਸਿੰਘ ਰੱਖ ਦਿੱਤਾ ਗਿਆ। ਦੁਨੀਆ ਵਿਚ ਮੌਜੂਦ ਖ਼ੂਨ ਦਾ ਇਕੋ-ਇਕ ਰਿਸ਼ਤਾ ਵੀ ਉਸ ਵੇਲੇ ਖ਼ਤਮ ਹੋ ਗਿਆ ਜਦੋਂ 1917 ਵਿਚ ਸਾਧੂ ਸਿੰਘ ਦੀ ਮੌਤ ਹੋ ਗਈ।

13 ਅਪ੍ਰੈਲ, 1919 ਈ. ਨੂੰ ਅੰਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ ਵਿਚ ਸ਼ਾਂਤੀਪੂਰਵਕ ਇਕੱਠੇ ਹੋਏ ਨਿਹੱਥੇ ਲੋਕਾਂ ਦੇ ਭਾਰੀ ਇਕੱਠ ਉੱਪਰ ਜਨਰਲ ਰੇਜਨਲਡ ਐਡਵਰ ਹੈਰੀ ਡਾਇਰ ਦੁਆਰਾ ਅੰਨ੍ਹੇਵਾਹ ਗੋਲੀਆਂ ਦੀ ਬੁਛਾੜ ਕੀਤੀ ਗਈ। ਇਸ ਇਕੱਠ ਵਿਚ ਸ਼ਾਮਿਲ ਮਾਸੂਮ ਬੱਚੇ, ਬਜ਼ੁਰਗ, ਮਰਦ ਅਤੇ ਔਰਤਾਂ ਵਿਚ ਗੋਲੀਆਂ ਚੱਲਣ ਕਾਰਨ ਭੱਜ-ਦੌੜ ਮਚ ਗਈ। ਤਰਾਸਦੀ ਇਹ ਸੀ ਕਿ ਜਲ੍ਹਿਆਂਵਾਲੇ ਬਾਗ ਦਾ ਇਕ ਹੀ ਦਰਵਾਜ਼ਾ ਹੋਣ ਕਾਰਨ ਲੋਕ ਆਪਣੀਆਂ ਜਾਨਾਂ ਨਾ ਬਚਾਅ ਪਾਏ। ਬਹੁਤ ਸਾਰੇ ਲੋਕਾਂ ਨੇ ਖੂਹ ਵਿਚ ਛਾਲਾਂ ਮਾਰ ਦਿੱਤੀਆ ਅਤੇ ਇਕ ਹਜ਼ਾਰ ਤੋਂ ਵੱਧ ਮਜ਼ਲੂਮ ਲੋਕ ਗੋਲੀਆਂ ਦਾ ਸ਼ਿਕਾਰ ਹੋ ਗਏ। ਜਲ੍ਹਿਆਂਵਾਲੇ ਬਾਗ ਦੀਆਂ ਕੰਧਾਂ ’ਤੇ ਮੌਜੂਦ ਗੋਲੀਆਂ ਦੇ ਨਿਸ਼ਾਨ ਅੱਜ ਵੀ ਉਸ ਦਿਲ-ਕੰਬਾਊ ਘਟਨਾ ਦਾ ਪ੍ਰਤੱਖ ਪ੍ਰਮਾਣ ਹਨ। ਇਸ ਅਣਮਨੁੱਖੀ ਘਟਨਾ ਦੀ ਖਬਰ ਜੰਗਲ ਦੀ ਅੱਗ ਵਾਂਗ ਚਾਰ-ਚੁਫ਼ੇਰੇ ਫੈਲਣ ਦੇ ਨਾਲ-ਨਾਲ ਸੱਤ ਸਮੁੰਦਰ ਪਾਰ ਦੁਨੀਆ ਦੇ ਕੋਨੇ-ਕੋਨੇ ਵਿਚ ਪਹੁੰਚ ਗਈ। ਇਸ ਮੰਦਭਾਗੀ ਘਟਨਾ ਦੇ ਕਾਰਨ ਨੌਜਵਾਨ ਵਰਗ ਵਿਚ ਬਗ਼ਾਵਤ ਦੀ ਲਹਿਰ ਹੋਰ ਜ਼ੋਰ ਫੜ ਗਈ। ਇਨ੍ਹਾਂ ਨੌਜਵਾਨਾਂ ਵਿਚੋਂ ਹੀ ਇਕ ਨਾਂਅ ਸ਼ਹੀਦ ਊਧਮ ਸਿੰਘ ਦਾ ਸੀ, ਜਿਸ ਦੇ ਦਿਲ-ਦਿਮਾਗ ’ਤੇ ਇਸ ਘਟਨਾ ਨੇ ਬਹੁਤ ਡੂੰਘਾ ਪ੍ਰਭਾਵ ਪਾਇਆ ਅਤੇ ਉਹ ਬਦਲੇ ਦੀ ਚਿਣਗ ਨੂੰ ਦਿਲ ਵਿਚ ਲੈ ਆਜ਼ਾਦੀ ਦੇ ਰਾਹ ’ਤੇ ਤੁਰ ਪਿਆ।

1920 ਵਿਚ ਊਧਮ ਸਿੰਘ ਭਾਰਤ ਨੂੰ ਛੱਡ ਅਮਰੀਕਾ ਚਲਿਆ ਗਿਆ। ਊਧਮ ਸਿੰਘ ਦੇ ਜੀਵਨ ਉੱਪਰ ਸ: ਭਗਤ ਸਿੰਘ ਦਾ ਬਹੁਤ ਜ਼ਿਆਦਾ ਪ੍ਰਭਾਵ ਪਿਆ। ਉਹ ਸ: ਭਗਤ ਸਿੰਘ ਦੀ ਤਰ੍ਹਾਂ ਹੀ ਗਰਮ ਖਿਆਲੀ ਕ੍ਰਾਂਤੀਕਾਰੀ ਸੀ। ਊਧਮ ਸਿੰਘ ਸੰਨ 1924 ਵਿਚ ਵਿਦੇਸ਼ਾਂ ਵਿਚ ਭਾਰਤ ਦੀ ਆਜ਼ਾਦੀ ਦੀ ਲੜਾਈ ਲੜਨ ਵਾਲੀ ਗ਼ਦਰ ਪਾਰਟੀ ਵਿਚ ਸ਼ਾਮਿਲ ਹੋ ਗਿਆ। ਸ: ਭਗਤ ਸਿੰਘ ਦੇ ਕਹਿਣ ਉੱਤੇ 27 ਜੁਲਾਈ, 1927 ਨੂੰ ਊਧਮ ਸਿੰਘ ਆਪਣੇ ਸਾਥੀਆਂ ਅਤੇ ਕੁਝ ਅਸਲ੍ਹੇ ਸਮੇਤ ਭਾਰਤ ਵਾਪਸ ਆ ਗਿਆ। 30 ਅਗਸਤ, 1927 ਨੂੰ ਗੈਰ-ਕਾਨੂਨੀ ਅਸਲ੍ਹਾ ਰੱਖਣ ਦੇ ਦੋਸ਼ ਵਿਚ ਊਧਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਸ ਵਿਚ ਉਸ ਨੂੰ 4 ਸਾਲ ਦੀ ਕੈਦ ਹੋ ਗਈ। ਜਦੋਂ ਭਗਤ ਸਿੰਘ ਨੂੰ ਫ਼ਾਂਸੀ ਦਿੱਤੀ ਗਈ ਤਾਂ ਉਸ ਸਮੇਂ ਊਧਮ ਸਿੰਘ ਜੇਲ੍ਹ ਵਿਚ ਸੀ। ਸੰਨ 1931 ਵਿਚ ਆਪਣੀ ਸਜ਼ਾ ਪੂਰੀ ਕਰ ਜਦੋਂ ਊਧਮ ਸਿੰਘ ਜੇਲ੍ਹ ਵਿਚੋਂ ਬਾਹਰ ਆਇਆ ਤਾਂ ਉਹ ਸੁਨਾਮ ਜਾ ਕੇ ਰਹਿਣ ਲੱਗਾ। ਪਰ ਸੁਨਾਮ ਦੀ ਪੁਲਿਸ ਦੁਆਰਾ ਊਧਮ ਸਿੰਘ ਨੂੰ ਤੰਗ ਕੀਤਾ

ਜਾਣ ਲੱਗਾ। ਊਧਮ ਸਿੰਘ ਦੁਬਾਰਾ ਅੰਮ੍ਰਿਤਸਰ ਆ ਕੇ ਰਹਿਣ ਲੱਗਾ, ਜਿੱਥੇ ਉਸ ਨੇ ਪੇਂਟਰ ਦੀ ਦੁਕਾਨ ਖੋਲ੍ਹੀ। ਇਸ ਦੁਕਾਨ ਦਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ। ਇਹ ਨਾਂਅ ਊਧਮ ਸਿੰਘ ਦੁਆਰਾ ਧਰਮ-ਨਿਰਪੱਖ ਅਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਸੀ। ਅੰਮ੍ਰਿਤਸਰ ਤੋਂ ਬਾਅਦ ਕੁਝ ਦੇਰ ਕਸ਼ਮੀਰ ਵਿਚ ਰਹਿਣ ਤੋਂ ਪਿੱਛੋਂ ਊਧਮ ਸਿੰਘ ਘੁੰਮਦਾ-ਘੁੰਮਾਉਂਦਾ ਇੰਗਲੈਂਡ ਪਹੁੰਚ ਗਿਆ। ਇੰਗਲੈਂਡ ਪਹੁੰਚਣ ਤੱਕ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੀ ਚੰਗਿਆੜੀ ਜੋ 20 ਸਾਲ ਤੱਕ ਊਧਮ ਸਿੰਘ ਦੇ ਸੀਨੇ ਵਿਚ ਧੁਖਦੀ ਰਹੀ, ਇਕ ਭਿਆਨਕ ਅੱਗ ਦਾ ਰੂਪ ਅਖ਼ਤਿਆਰ ਕਰ ਚੁੱਕੀ ਸੀ।



ਆਖਰਕਾਰ 13 ਮਾਰਚ, 1940 ਨੂੰ ਉਹ ਦਿਨ ਆ ਗਿਆ, ਜਿਸ ਦੀ ਊਧਮ ਸਿੰਘ 20 ਸਾਲਾਂ ਤੋਂ ਉਡੀਕ ਕਰ ਰਿਹਾ ਸੀ। 13 ਮਾਰਚ, 1940 ਨੂੰ ਸ਼ਾਮ ਦੇ 4:30 ਵਜੇ ਈਸਟ ਐਸੋਸੀਏਸ਼ਨ ਅਤੇ ਸੈਂਟਰਲ ਏਸ਼ੀਅਨ ਸੁਸਾਇਟੀ ਦੀ 10 ਕੈਕਸਟਨ ਹਾਲ ਲੰਡਨ ਵਿਖੇ ਮੀਟਿੰਗ ਹੋ ਰਹੀ ਸੀ। ਇਸ ਮੀਟਿੰਗ ਵਿਚ ਊਧਮ ਸਿੰਘ ਭੇਸ ਬਦਲ ਕੇ ਆਪਣੇ ਨਾਲ ਰਿਵਾਲਵਰ ਲਿਜਾਣ ਵਿਚ ਸਫ਼ਲ ਹੋਇਆ। ਜਦੋਂ ਮਾਈਕਲ ਅਡਵਾਇਰ ਜੋ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੌਰਾਨ ਪੰਜਾਬ ਦਾ ਗਵਰਨਰ ਸੀ, ਮੀਟਿੰਗ ਨੂੰ ਸੰਬੋਧਨ ਕਰਨ ਲੱਗਾ ਤਾਂ ਊਧਮ ਸਿੰਘ ਨੇ ਆਪਣੇ ਰਿਵਾਲਵਰ ਵਿਚਲੀਆਂ ਛੇ ਗੋਲੀਆਂ ਉਸ ਉੱਪਰ ਦਾਗ਼ ਦਿੱਤੀਆਂ। ਗੋਲੀਆਂ ਲੱਗਣ ਕਾਰਨ ਅਡਵਾਇਰ ਜ਼ਮੀਨ ਉੱਪਰ ਡਿੱਗ ਪਿਆ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਲਾਰਡ ਜੈਂਟਲੈਂਡ ਜੋ ਭਾਰਤ ਦਾ ਸੈਕਟਰੀ ਸੀ, ਗੋਲੀਆਂ ਲੱਗਣ ਨਾਲ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਸ਼ਹੀਦ ਊਧਮ ਸਿੰਘ ਦੁਆਰਾ ਮਾਈਕਲ ਅਡਵਾਇਰ ਦਾ ਕਤਲ ਕਰਨ ਤੋਂ ਬਾਅਦ ਆਪਣੇ ਜੁਰਮ ਦਾ ਇਕਬਾਲ ਕਰਨਾ ਉਸ ਦੀ ਸੂਰਬੀਰਤਾ ਦੀ ਨਿਸ਼ਾਨੀ ਸੀ। ਗ੍ਰਿਫ਼ਤਾਰੀ ਸਮੇਂ ਊਧਮ ਸਿੰਘ ਇਹੀ ਕਹਿ ਰਿਹਾ ਸੀ ਕਿ ਉਸ ਨੇ ਆਪਣੇ ਦੇਸ਼ ਪ੍ਰਤੀ ਆਪਣਾ ਫ਼ਰਜ਼ ਨਿਭਾਇਆ ਹੈ। ਜਦੋਂ ਉਸ ਕੋਲੋਂ ਉਸ ਦਾ ਨਾਂਅ ਪੁੱਛਿਆ ਗਿਆ ਤਾਂ ਊਧਮ ਸਿੰਘ ਨੇ ਆਪਣਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਦੱਸਿਆ।

ਸ਼ਹੀਦ ਊਧਮ ਸਿੰਘ ਵਲੋਂ ਮਾਈਕਲ ਅਡਵਾਇਰ ਦੇ ਕੀਤੇ ਕਤਲ ਨੂੰ ਵਿਸ਼ਵ ਪੱਧਰ ਦੀਆਂ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਕੀਤਾ ਗਿਆ। ਲੰਡਨ ਤੋਂ ਪ੍ਰਕਾਸ਼ਿਤ ਅਖ਼ਬਾਰ 'ਦੀ ਟਾਈਮਜ਼ ਆਫ ਲੰਡਨ' ਨੇ ਸ਼ਹੀਦ ਊਧਮ ਸਿੰਘ ਨੂੰ 'ਆਜ਼ਾਦੀ ਦਾ ਲੜਾਕਾ' ਅਤੇ ਉਸ ਦੇ ਕਾਰਨਾਮੇ ਨੂੰ ਗੁਲਾਮ ਭਾਰਤੀਆਂ ਦੇ ਦੱਬੇ ਗੁੱਸੇ ਦਾ ਇਜ਼ਹਾਰ ਕਿਹਾ। ਜਰਮਨੀ ਦੇ ਰੇਡੀਓ ਤੋਂ ਵਾਰ-ਵਾਰ ਇਹੀ ਕਿਹਾ ਗਿਆ ਕਿ 'ਹਾਥੀਆਂ ਦੀ ਤਰ੍ਹਾਂ ਭਾਰਤੀ ਆਪਣੇ ਦੁਸ਼ਮਣਾਂ ਨੂੰ ਕਦੇ ਮੁਆਫ਼ ਨਹੀਂ ਕਰਦੇ, ਉਹ ਵੀਹ ਸਾਲ ਤੋਂ ਲੰਮੇ ਵਕਫ਼ੇ ਬਾਅਦ ਵੀ ਉਨ੍ਹਾਂ ਨੂੰ ਮਾਰ ਮੁਕਾਉਂਦੇ ਹਨ।' ਸੁਭਾਸ਼ ਚੰਦਰ ਬੋਸ ਦੁਆਰਾ ਊਧਮ ਸਿੰਘ ਦੇ ਇਸ ਕਾਰਨਾਮੇ ਦੀ ਪ੍ਰਸੰਸਾ ਕੀਤੀ ਗਈ। ਪਹਿਲੀ ਅਪ੍ਰੈਲ, 1940 ਨੂੰ ਊਧਮ ਸਿੰਘ ਨੂੰ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ। ਮਾਈਕਲ ਅਡਵਾਇਰ ਦੇ ਕਤਲ ਲਈ ਉਸ ਨੂੰ ਦੋਸ਼ੀ ਠਹਿਰਾਇਆ ਗਿਆ। 4 ਜੂਨ, 1940 ਸੈਂਟਰਲ ਕ੍ਰਿਮੀਨਲ ਕੋਰਟ, ਓਲਡ ਬੈਲੇ ਵਿਚ ਜਸਟਿਸ ਐਟਕਨਸਨ ਦੇ ਸਾਹਮਣੇ ਊਧਮ ਸਿੰਘ ਨੇ ਆਪਣੇ ਜੁਰਮ ਦਾ ਇਕਬਾਲ ਕੀਤਾ। ਜੱਜ ਦੁਆਰਾ ਮਾਈਕਲ ਅਡਵਾਇਰ ਦੇ ਕਤਲ ਦਾ ਕਾਰਨ ਪੁੱਛਣ 'ਤੇ ਊਧਮ ਸਿੰਘ ਨੇ ਜਵਾਬ ਦਿੱਤਾ ਕਿ ਉਹ ਸਾਡੇ ਦੇਸ਼ ਦਾ ਪੁਰਾਣਾ ਦੁਸ਼ਮਣ ਸੀ ਅਤੇ ਇਸ ਸਜ਼ਾ ਦਾ ਹੱਕਦਾਰ ਸੀ। ਇਸ ਪਿੱਛੋਂ ਜੱਜ ਨੇ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। 31 ਜੁਲਾਈ, 1940 ਨੂੰ ਊਧਮ ਸਿੰਘ ਨੂੰ ਪੈਂਟੋਨਵਿਲੇ ਜੇਲ੍ਹ ਲੰਡਨ ਵਿਚ ਫ਼ਾਂਸੀ ਦੇ ਦਿੱਤੀ ਗਈ ਅਤੇ ਉਸ ਦੀ ਮ੍ਰਿਤਕ ਦੇਹ ਨੂੰ ਜੇਲ੍ਹ ਦੇ ਅੰਦਰ ਹੀ ਦਬਾਅ ਦਿੱਤਾ ਗਿਆ। ਬੇਸ਼ੱਕ ਪੰਜਾਬ ਦਾ ਇਹ ਮਹਾਨ ਸਪੂਤ 31 ਜੁਲਾਈ, 1940 ਨੂੰ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਿਆ ਪਰ ਉਸ ਦੀ ਯਾਦ ਹਮੇਸ਼ਾ ਸਾਡੇ ਦਿਲਾਂ ਵਿਚ ਉਸ ਨੂੰ ਜਿਉਂਦਾ ਰੱਖੇਗੀ। ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਸਰੋਤ ਹੈ।

**- ਸੁਰਿੰਦਰ ਸਿੰਘ ਰੂਬੀ**

# ਬੇਈਮਾਨੀ ਦੀ ਕਮਾਈ ਨਾਲ ਸ਼ਕਲਾਂ ਤਾਂ ਸਵਾਰ ਸਕਦੇ ਹੋ, ਨਸਲਾਂ ਨਹੀਂ।

# ਜੂਨ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਨਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ




**ਹਰਮਨਪ੍ਰੀਤ ਸਿੰਘ ਮੁਲਤਾਨੀ,**
**ਜਨਰਲ ਸਕੱਤਰ**


ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ -** ਜੂਨ 2024 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ. ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਜੂਨ ਮਹੀਨੇ ਦੀ ਕੁੱਲ ਆਮਦਨ - 5,48,617.00/-ਰੁਪਏ

ਜੂਨ ਮਹੀਨੇ ਦਾ ਕੁੱਲ ਖਰਚਾ - 4,19,015.50/-ਰੁਪਏ

2. **ਜੂਨ ਮਹੀਨੇ ਦੀ ਸੰਗਰਾਂਦ ਬਾਰੇ -** ਬਾਬਾ ਮੱਖਣ ਸ਼ਾਹ ਲੁਬਾਨਾ ਭਵਨ ਦੇ ਗੁਰੂ ਘਰ ਵਿਖੇ ਹਾੜ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ 14 ਜੂਨ 2024 ਨੂੰ ਸ਼ਰਧਾ ਪੂਰਵਕ ਮਨਾਇਆ ਗਿਆ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆ।

3. **ਡੈਂਟਲ ਕਲੀਨਿਕ ਦੀ ਰਿਪੋਰਟ -** ਡਾ. ਅਵਨੀਤ ਬਾਨੀ ਲਾਂਬਾ ਵਲੋਂ ਡੈਂਟਲ ਕਲੀਨਿਕ ਦੀ ਸੇਵਾਵਾਂ ਦਾ ਕੰਮ ਠੀਕ ਚੱਲ ਰਿਹਾ ਹੈ ਜਿਸ ਵਿੱਚ ਜੂਨ ਮਹੀਨੇ ਵਿੱਚ ਤਕਰੀਬਨ 16 ਲਾਭ ਪਾਤਰੀਆਂ ਨੇ ਡੈਂਟਲ ਸੇਵਾਵਾਂ ਦਾ ਚੈੱਕਅਪ ਅਤੇ ਇਲਾਜ ਕਰਾ ਕੇ ਲਾਹਾ ਲਿਆ ਹੈ।

4. **ਬਾਬਾ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਦੀ 74ਵੀਂ ਬਰਸੀ ਬਾਰੇ -** ਬਾਬਾ ਮੱਖਣ ਸ਼ਾਹ ਲੁਬਾਨਾ ਫਾਊਂਡੇਸ਼ਨ ਦੇ ਗੁਰੂ ਘਰ ਵਿਖੇ ਮਿਤੀ 16.06.2024 ਨੂੰ ਸਤਿਕਾਰਯੋਗ ਬਾਬਾ ਸੰਤ ਪ੍ਰੇਮ ਜੀ ਦੀ 74ਵੀਂ ਬਰਸੀ ਦਾ ਗੁਰਮਤਿ ਸਮਾਗਮ ਬੜੇ ਹੀ ਸ਼ਰਧਾ ਭਾਵ ਨਾਲ ਮਨਾਇਆ ਗਿਆ। ਜਿਸ ਵਿਚ ਵੱਡੀ ਗਿਣਤੀ ਵਿਚ ਫਾਊਂਡੇਸ਼ਨ ਦੇ ਮੈਂਬਰਾਂ ਨੇ ਆਪਣੀ ਹਾਜ਼ਰੀ ਭਰੀ। ਅਖੰਡ ਪਾਠ ਸਾਹਿਬ ਦੀ ਸਮਾਪਤੀ ਉਪਰੰਤ ਭਾਈ ਦਵਿੰਦਰ ਸਿੰਘ, ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਨੇ ਬਹੁਤ ਹੀ ਰਸਭਰਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਕਥਾਵਾਚਕ ਭਾਈ ਕੁਲਵਿੰਦਰ ਸਿੰਘ ਜੀ, ਭੋਗਪੁਰ ਵਾਲਿਆਂ ਨੇ ਬਹੁਤ ਹੀ ਪ੍ਰਭਾਵਸ਼ਾਲੀ ਕਥਾ ਸਰਵਣ ਕਰਵਾਈ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤ ਗਏ। ਉਪਰੰਤ ਸ. ਭਗਵਾਨ ਸਿੰਘ ਲੁਬਾਨਾ ਪ੍ਰਧਾਨ, ਸ. ਪ੍ਰੀਤਮ ਸਿੰਘ ਨਾਰੰਗਪੁਰ ਸਾਬਕਾ ਪ੍ਰਧਾਨ, ਸ. ਗੁਰਚਰਨ ਸਿੰਘ ਸਾਬਕਾ ਪ੍ਰਧਾਨ, ਸ. ਗੁਰਪ੍ਰੀਤ ਸਿੰਘ ਮੁਲਤਾਨੀ ਕੌਂਸਲਰ ਚੰਡੀਗੜ੍ਹ, ਸ. ਮੱਖਣ ਸਿੰਘ ਉੱਘੇ ਸਿਆਸੀ ਲੀਡਰ ਹਰਿਆਣਾ, ਸ. ਕੁਲਦੀਪ ਸਿੰਘ ਚੇਅਰਮੈਨ ਹਰਿਆਣਾ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸ਼ਖ਼ਸੀਅਤ ਬਾਰੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ ਅਤੇ ਉਪਰੰਤ ਉਹਨਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਸ. ਬਲਦੇਵ ਸਿੰਘ ਮੁੰਦਰ ਵੱਲੋਂ ਸਟੇਜ ਸਕੱਤਰ ਦੀ ਸੇਵਾ ਬਾਖੂਬੀ ਨਿਭਾਈ ਗਈ। ਅਰਦਾਸ ਉਪਰੰਤ ਗੁਰੂ ਦਾ ਲੰਗਰ ਕਾ ਅਟੁੱਤ ਵਰਤਾਇਆ ਗਿਆ।

5. **ਕਾਰਜਕਾਰਨੀ ਕਮੇਟੀ ਦੀ ਪਹਿਲੀ ਮੀਟਿੰਗ ਬਾਰੇ -** ਮਿਤੀ 29.06.2024 ਨੂੰ ਕਾਰਜਕਾਰਨੀ ਕਮੇਟੀ ਦੀ ਪਹਿਲੀ ਮੀਟਿੰਗ ਭਵਨ ਦੇ ਮਿੰਨੀ ਲੈਕਚਰ ਹਾਲ ਵਿੱਚ ਹੋਈ। ਮੀਟਿੰਗ ਵਿੱਚ ਤਕਰੀਬਨ 60 ਮੈਂਬਰਾਂ ਨੇ ਹਾਜ਼ਰੀ ਭਰੀ ਅਤੇ ਮੀਟਿੰਗ ਦੀ ਸ਼ੁਰੂਆਤ 'ਚ 5 ਵਾਰ ਮੂਲ ਮੰਤਰ ਦਾ ਜਾਪ ਕਰਕੇ ਕੀਤੀ ਗਈ। ਇਸ ਤੋਂ ਬਾਅਦ ਪਿਛਲੇ ਸਮੇਂ ਵਿਚ ਫਾਊਂਡੇਸ਼ਨ ਨਾਲ ਸੰਬੰਧਤ ਸ਼ਖ਼ਸੀਅਤਾਂ ਜੋ ਅਕਾਲ ਚਲਾਣਾ ਕਰ ਗਈਆਂ ਸਨ ਉਨ੍ਹਾਂ ਪ੍ਰਤੀ 2 ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜ਼ਲੀ ਅਰਪਿਤ ਕੀਤੀ ਗਈ। ਕਾਰਜਕਾਰਨੀ ਕਮੇਟੀ/ਵਿਸ਼ੇਸ਼ ਅਮੰਤਰਿਤ ਮੈਂਬਰਾਂ ਵੱਲੋਂ ਆਪੋ-ਆਪਣੀ ਜਾਣ-ਪਛਾਣ ਕਰਾਈ ਗਈ। ਇਸ ਤੋਂ ਬਾਅਦ ਸ. ਗੁਲਸ਼ਨ ਕੁਮਾਰ ਸਿੰਘ ਵੱਲੋਂ 01.01.2024 ਤੋਂ 31.03.2024 ਤੱਕ ਦੇ ਆਮਦਨ ਅਤੇ ਖਰਚਿਆ ਬਾਰੇ ਵੇਰਵਾ ਦੱਸਿਆ ਗਿਆ, ਜੋ ਕਿ ਕਾਰਜਕਾਰਨੀ ਮੈਂਬਰਾਂ ਵੱਲੋਂ ਸਮੁੱਚੇ ਰੂਪ ਵਿਚ ਪ੍ਰਵਾਨਗੀ ਦਿੱਤੀ ਗਈ। ਸ: ਸੁਰਜੀਤ ਸਿੰਘ, ਵਿੱਤ ਸਕੱਤਰ ਵੱਲੋਂ 1-4-2024 ਤੋਂ ਜੂਨ 29/30-6-2024 ਤੱਕ ਆਮਦਨ ਅਤੇ ਖਰਚਿਆਂ ਬਾਰੇ ਵਿਸਥਾਰ ਵਿੱਚ ਦੱਸਿਆ ਜੋ ਕਿ ਕਾਰਜਕਾਰਨੀ ਮੈਂਬਰਾਂ ਵੱਲੋਂ ਸਮੁੱਚੇ ਰੂਪ ਵਿਚ ਪ੍ਰਵਾਨਗੀ ਦਿੱਤੀ ਗਈ। ਸ. ਭਗਵਾਨ

ਸਿੰਘ ਲੁਬਾਣਾ ਪ੍ਰਧਾਨ ਜੀ ਵੱਲੋਂ ਅਪਣਾਈ ਗਈ ਵਿੱਤੀ ਨੀਤੀ ਅਨੁਸਾਰ ਹਰ ਮਹੀਨੇ ਆਮਦਨ ਅਤੇ ਖਰਚਿਆਂ ਸੰਬੰਧੀ ਬਾਰੀਕੀ ਨਾਲ ਪੜਤਾਲ ਕਰਕੇ ਅਜਿਹਾ ਸਿਸਟਮ ਬਣਾਇਆ ਗਿਆ ਕਿ ਕਿਸੇ ਵੀ ਮਹੀਨੇ ਆਮਦਨ ਤੋਂ ਵੱਧ ਖਰਚਾ ਨਾ ਹੋ ਸਕੇ ਅਤੇ ਹਰ ਮਹੀਨੇ ਭਵਨ ਦੀ ਆਮਦਨ ਵਿਚ ਵਾਧਾ ਕੀਤਾ ਜਾਵੇ। ਸ: ਹਰਮਨਪ੍ਰੀਤ ਸਿੰਘ ਮੁਲਤਾਨੀ, ਜਨਰਲ ਸਕੱਤਰ ਨੇ ਏਜੰਡੇ ਦੇ ਸਾਰੇ ਮੁਦਿਆਂ ਨੂੰ ਵਾਰੀ-ਵਾਰੀ ਪੇਸ਼ ਕੀਤਾ ਅਤੇ ਉਹਨਾਂ ਤੇ ਵਿਸਥਾਰ ਵਿਚ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਵੱਲੋਂ ਵਿਚਾਰ ਅਤੇ ਚਰਚਾ ਹੋਈ। ਇਸ ਤੋਂ ਇਲਾਵਾ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਵੱਲੋਂ ਏਜੰਡੇ ਵਿਚ ਸ਼ਾਮਲ ਵੱਖ-ਵੱਖ ਮੱਤਾਂ 'ਤੇ ਆਪੋ-ਆਪਣੇ ਵਿਚਾਰ ਪ੍ਰਗਟ ਕੀਤੇ ਗਏ।

ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਿਚ ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਨੂੰ ਆਗਾਮੀ ਕੰਮਾਂ ਲਈ ਨਿਯੁਕਤੀਆਂ, ਕਮੇਟੀਆਂ, ਸਬ ਕਮੇਟੀਆਂ ਆਦਿ ਬਨਾਉਣ ਲਈ ਪੂਰੀਆਂ ਤਾਕਤਾਂ ਡੈਲੀਗੇਟ ਕਰਨ ਦੀ ਪ੍ਰਵਾਨਗੀ ਦਿੱਤੀ ਗਈ। ਇਸ ਮੀਟਿੰਗ ਵਿਚ ਸ: ਹਰਮਨਪ੍ਰੀਤ ਮੁਲਤਾਨੀ, ਜਨਰਲ ਸਕੱਤਰ ਨੇ ਭਾਈ ਲੱਖੀ ਸ਼ਾਹ ਬਲਾਕ ਦੀ ਮੌਜੂਦਾ ਹਾਲਤ ਬਾਰੇ ਵਿਸਥਾਰ ਵਿਚ ਮੈਂਬਰਾਂ ਨੂੰ ਜਾਣਕਾਰੀ ਦਿੱਤੀ। ਮੋਬਾਇਲ ਵੈਨ ਦੇ ਵਿਸ਼ੇ ਤੇ ਵੀ ਕਾਫ਼ੀ ਗੰਭੀਰ ਗੱਲਬਾਤ ਵਿਚਾਰ ਚਰਚਾ ਹੋਈ।

ਸਿੱਖਿਆ, ਵਾਤਾਵਰਣ ਅਤੇ ਭਲਾਈ ਦੇ ਖੇਤਰਾਂ ਤੇ ਵੀ ਚਰਚਾ ਕੀਤੀ ਗਈ। ਸਿੱਖਿਆ ਖੇਤਰ ਵਿਚ 8ਵੀਂ, 10ਵੀਂ ਅਤੇ ਬਾਰਵੀਂ ਦੇ ਜੋ ਵਿਦਿਆਰਥੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਨਤੀਜਿਆਂ ਵਿਚ ਮੈਰਿਟ 'ਤੇ ਆਏ ਹਨ, ਉਨ੍ਹਾਂ ਨੂੰ ਫਾਊਂਡੇਸ਼ਨ ਵੱਲੋਂ ਮਾਲੀ ਸਹਾਇਤਾ 8ਵੀਂ ਲਈ 5100 ਰੁਪਏ, 10ਵੀਂ ਅਤੇ 12ਵੀਂ ਲਈ 11000 ਰੁਪਏ ਪ੍ਰਤੀ ਵਿਦਿਆਰਥੀ ਦੇ ਕੇ ਪੜ੍ਹਾਈ ਲਈ ਉਤਸ਼ਾਹਿਤ ਕਰਨ ਦਾ ਫੈਸਲਾ ਲਿਆ ਗਿਆ ਅਤੇ ਇਹ ਵੀ ਫੈਸਲਾ ਕੀਤਾ ਗਿਆ ਕਿ ਫਾਊਂਡੇਸ਼ਨ ਵੱਲੋਂ ਇਕ ਟੀਮ ਸੰਬੰਧਤ ਸਕੂਲਾਂ ਵਿਚ ਜਾ ਕੇ ਵਿਦਿਆਰਥੀਆਂ ਨੂੰ ਸਨਮਾਨਿਤ ਕਰੇਗੀ। ਇਸ ਕਮੇਟੀ ਵਿਚ ਭਵਨ ਦੀ ਮੌਜੂਦਾ ਸਹੂਲਤਾਂ ਬਾਰੇ ਵਿੱਚ ਸਾਰੇ ਮੈਂਬਰਾਂ ਨੂੰ ਵਿਸਥਾਰ ਵਿਚ ਦੱਸਿਆ ਗਿਆ। ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਜੀ ਨੇ ਮੀਟਿੰਗ ਵਿਚ ਹਾਜ਼ਰ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਏਜੰਡੇ ਦੇ ਸਾਰੇ ਨੁਕਤਿਆਂ ਤੇ ਚਰਚਾ ਹੋਣ ਉਪਰੰਤ ਸਮੇਂ ਅਨੁਸਾਰ ਮੀਟਿੰਗ ਸਮਾਪਤ ਕੀਤੀ ਗਈ।

6. **ਭਾਈ ਮਨੀ ਸਿੰਘ ਬਲਾਕ ਦੀ ਫ਼ਾਇਰ ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ** - ਭਾਈ ਮਨੀ ਸਿੰਘ ਬਲਾਕ ਦੀ ਫ਼ਾਇਰ ਫ਼ਾਇਟਿੰਗ ਦੀ ਐਨ.ਓ.ਸੀ. ਪ੍ਰਾਪਤ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ।

7. **ਮਨੀਸ਼ ਕੁਮਾਰ ਗਬਨ ਕੇਸ ਬਾਰੇ** - ਇਸ ਕੰਮ ਨੂੰ ਅੱਗੇ ਵਧਾਉਣ ਲਈ ਕਾਰਜਕਾਰੀ ਕਮੇਟੀ ਵਲੋਂ ਇੱਕ ਨਵੀਂ ਕਮੇਟੀ ਦੀ ਗਠਨ ਕੀਤਾ ਗਿਆ ਹੈ।

8. **ਭਵਨ ਵਿਖੇ ਹੋਰ ਕੀਤੇ ਕੰਮਾਂ ਬਾਰੇ** - ਬਿਜਲੀ ਦੀ ਸਪਲਾਈ ਬੰਦ ਹੋਣ ਜਨਰੇਟਰ ਰਾਹੀਂ ਸਪਲਾਈ ਦੇਣ ਲਈ ਇਕ ਚੇਂਜ ਔਵਰ ਸਵਿਚ ਲਗਾਇਆ ਗਿਆ ਹੈ। ਭਾਈ ਮਨੀ ਸਿੰਘ ਬਲਾਕ ਵਿਖੇ ਕਮਰਿਆਂ ਵਿਚ ਨਵੇਂ ਸ਼ੀਸ਼ੇ, ਬੈਡਸ਼ੀਟਾਂ, ਟੈਲੀਵਿਜ਼ਨਾਂ ਦੀ ਰਿਪੇਅਰ, ਦਰਵਾਜ਼ੇ ਅਤੇ ਖਿੜਕੀਆਂ ਦੀ ਮੁਰੰਮਤ ਅਤੇ ਹਰ ਕਮਰੇ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਦਾ ਸੁੰਦਰ ਚਿੱਤਰ ਸੁਸ਼ੋਭਿਤ ਕੀਤਾ ਗਿਆ।

ਫਾਊਂਡੇਸ਼ਨ ਵਲੋਂ ਸਮੂਹ ਮੈਂਬਰਾਂ ਅਤੇ ਹੋਰ ਦਾਨੀ ਸੱਜਣਾ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਭਵਨ ਵਿਚ ਚੱਲ ਰਹੀ ਉਸਾਰੀ ਕਾਰਜ ਲਈ ਯਥਾ-ਸ਼ਕਤੀ ਅਤੇ ਸਵੈ-ਇੱਛਾ ਨਾਲ ਤਨ, ਮਨ ਅਤੇ ਧਨ ਨਾਲ ਆਪਣੀ-ਆਪਣੀ ਬਣਦੀ ਸੇਵਾ ਦਿਲ ਖੋਲ੍ਹ ਕੇ ਭੇਜਣ ਦੀ ਕ੍ਰਿਪਾਲਤਾ ਕਰਨ ਜੀ। ਦਾਨ ਦੀ ਰਾਸ਼ੀ ਨਕਦ ਰਸੀਦ ਕਟਵਾ ਕੇ, ਚੈਕ, ਡਰਾਫ਼ਟ ਜਾ ਆਨਲਾਈਨ ਬੈਂਕ ਖਾਤੇ ਰਾਹੀਂ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਚੰਡੀਗੜ੍ਹ ਦੇ ਖਾਤੇ ਵਿੱਚ ਜਮ੍ਹਾ ਕਰਵਾਈ ਜਾ ਸਕਦੀ ਹੈ।

# ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

**ਗੌਰਮਿੰਟ ਗੁਰੂ ਨਾਨਕ ਕਾਲਜ, ਕਾਲਾ ਅਫਗਾਨਾਂ :** ਬਦਲੀ ਦੇ ਆਰਡਰ ਮਿਲਣ ਅਤੇ ਜੌਆਇਨਿੰਗ ਟਾਈਮ ਤੋਂ ਬਾਅਦ ਮੇਰੇ ਵੱਲੋਂ 16.04.1983 ਨੂੰ ਗੌਰਮਿੰਟ ਗੁਰੂ ਨਾਨਕ ਕਾਲਜ, ਕਾਲਾ ਅਫਗਾਨਾਂ (ਜ਼ਿਲ੍ਹਾ ਗੁਰਦਾਸਪੁਰ) ਦੇ ਪ੍ਰਿੰਸੀਪਲ ਵੱਜੋਂ ਪ੍ਰਬੰਧ ਸੰਭਾਲ ਲਿਆ ਗਿਆ ਸੀ। ਉਚੇਰੀ ਸਿੱਖਿਆ ਖੇਤਰ ਵਿੱਚ ਪਿਛੜੇ ਹੋਏ ਪਾਕਿਸਤਾਨ ਸਰਹੱਦ ਨਾਲ ਲੱਗਦੇ ਇਸ ਇਲਾਕੇ ਦੀ ਸੇਵਾ ਕਰ ਰਿਹਾ ਇਹ ਕਾਲਜ ਬਟਾਲਾ ਤੋਂ ਡੇਰਾ ਬਾਬਾ ਨਾਨਕ ਜਾਣ ਵਾਲੀ ਸੜਕ 'ਤੇ ਸਥਿਤ ਹੈ। ਕੇਵਲ 10 ਲੈਕਚਰਾਰ ਹਨ ਅਤੇ ਆਰਟਸ ਵਿਸ਼ਿਆਂ ਵਿੱਚ ਡਿਗਰੀ ਕਲਾਸਾਂ ਤੱਕ ਪੜ੍ਹਾਨ ਦਾ ਪ੍ਰਬੰਧ ਹੈ। ਸ਼ੁਰੂ ਵਿੱਚ ਇਲਾਕੇ ਦੇ ਉੱਦਮੀਆਂ ਵੱਲੋਂ ਖੋਲ੍ਹੇ ਗਏ ਇਸ ਗੁਰੂ ਨਾਨਕ ਕਾਲਜ ਦਾ ਪ੍ਰਬੰਧ ਬਾਅਦ ਵਿੱਚ ਪੰਜਾਬ ਸਰਕਾਰ ਨੇ ਸੰਭਾਲ ਲਿਆ ਸੀ। ਇਲਾਕੇ ਦੀਆਂ ਕੁੜੀਆਂ ਦੀ ਪੜ੍ਹਾਈ ਲਈ ਇਹ ਕਾਲਜ ਬਹੁਤ ਲਾਭਦਾਇਕ ਸਿੱਧ ਹੋਇਆ ਹੈ। ਅੱਠ ਮਹੀਨੇ ਤੋਂ ਘੱਟ ਸਮੇਂ ਦੌਰਾਨ ਕਾਲਜ ਦੀ ਬਿਲਡਿੰਗ ਵਿੱਚ ਤਾਂ ਕੋਈ ਵਾਧਾ ਨਹੀਂ ਹੋ ਸਕਿਆ। ਪਰ ਲੜਕੇ, ਲੜਕੀਆਂ, ਸਟਾਫ ਅਤੇ ਪ੍ਰਿੰਸੀਪਲ ਲਈ ਅਲੱਗ-ਅਲੱਗ ਨਵੇਂ ਵਾਸ਼ਰੂਮ ਜ਼ਰੂਰ ਬਣਵਾ ਦਿੱਤੇ ਗਏ। ਕਾਲਜ ਲਈ ਅਤੇ ਨਿੱਜੀ ਤੌਰ 'ਤੇ ਮੇਰੇ ਲਈ ਵੀ ਇਹ ਇੱਕ ਮਾਣ ਵਾਲੀ ਗੱਲ ਸੀ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਮੈਨੂੰ ਸੈਨਟ ਅਤੇ ਸਿੰਡੀਕੇਟ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਯੂਨੀਵਰਸਿਟੀ ਦੀ ਐਨ.ਐਸ.ਐਸ. ਐਡਵਾਇਜ਼ਰੀ ਕਮੇਟੀ ਦਾ ਮੈਂਬਰ ਵੀ ਥਾਪਿਆ ਗਿਆ। ਪੰਜਾਬ ਦੀਆਂ ਸਾਰੀਆਂ ਭਾਸ਼ਾਵਾਂ ਦੀਆਂ ਅਖਬਾਰਾਂ ਵੱਲੋਂ ਜੁਲਾਈ, 1983 ਦੇ ਆਖਰੀ ਸਪਤਾਹ ਵਿੱਚ ਫੋਟੋ ਸਹਿਤ ਇਸ ਦਾ ਜ਼ਿਕਰ ਵੀ ਕੀਤਾ ਗਿਆ।

ਆਖਿਰ ਗੁਰੂ ਮਹਾਰਾਜ ਦੀ ਆਪਾਰ ਕਿਰਪਾ ਸਦਕਾ ਮੇਰਾ ਕਾਲਜ ਸੇਵਾ ਕਾਲ ਸੁੱਖੀ ਸਾਂਧੀ ਨਿਰਵਿਘਨ ਪੂਰਾ ਹੋਇਆ ਅਤੇ ਮਿਤੀ 30.11.1983 ਨੂੰ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਮੀਟਿੰਗ ਅਤੇ ਵਿਦਾਇਗੀ ਪਾਰਟੀ ਉਪਰੰਤ ਯਾਦਗਾਰੀ ਚਿੰਨ੍ਹ ਅਤੇ ਕੀਮਤੀ ਤੋਹਫੇ ਦੇ ਕੇ ਬੜੇ ਪਿਆਰ ਅਤੇ ਸਤਿਕਾਰ ਨਾਲ ਮੈਨੂੰ ਕਾਲਜ ਤੋਂ ਵਿਦਾ ਕੀਤਾ ਗਿਆ। ਇਨ੍ਹਾਂ ਦੋਨਾਂ ਸਰਕਾਰੀ ਕਾਲਜਾਂ ਦੇ ਸਾਬਕਾ ਪ੍ਰਿੰਸੀਪਲਾਂ ਦੇ ਨਾਵਾਂ ਵਾਲੇ ਬੋਰਡਾਂ ਤੇ ਪ੍ਰਿੰਸੀਪਲ ਵਰਿਆਮ ਸਿੰਘ ਦਾ ਨਾਂ ਵੀ ਪੜ੍ਹਿਆ ਜਾ ਸਕਦਾ ਹੈ।




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਮਾਵਾਂ ਧੀਆਂ ਦੇ ਗੀਤ

ਬਲਜਿੰਦਰ ਕੌਰ ਬੱਲ

ਮਾਵਾਂ ਧੀਆਂ ਦਾ ਰਿਸ਼ਤਾ ਬੜਾ ਨਿੱਘ ਭਰਿਆ, ਗੂੜ੍ਹਤਾ ਵਾਲਾ ਹੁੰਦਾ ਹੈ। ਧੀ ਲਈ ਮਾਂ ਇੱਕ ਅਜਿਹਾ ਖਜ਼ਾਨਾ ਹੈ, ਜਿੱਥੇ ਉਹ ਆਪਣੇ ਦੁੱਖ ਸੁੱਖ ਫੋਲਦੀ। ਮਾਂ ਇਨ੍ਹਾਂ ਦੁੱਖਾਂ-ਸੁੱਖਾਂ ਨੂੰ ਆਪਣੇ ਅੰਦਰ ਗੰਢ ਬੰਨ੍ਹ ਕੇ ਰੱਖਦੀ, ਸੋ ਮਾਵਾਂ ਧੀਆਂ ਦਾ ਰਿਸ਼ਤਾ ਬਹੁਤ ਪਰਦਿਆਂ ਵਾਲਾ ਹੁੰਦਾ ਹੈ। ਸਹੁਰੇ ਘਰ ਵਿੱਚ ਹੁੰਦੇ ਵਿਤਕਰੇ, ਝਿੜਕਾਂ ਤਾਹਨਿਆਂ ਨੂੰ ਧੀ ਸਿਰਫ਼ ਮਾਂ ਕੋਲ ਹੀ ਫੋਲਦੀ ਹੈ। ਲੋਕ ਗੀਤਾਂ ਰਾਹੀਂ ਸਾਨੂੰ ਸੁਣਨ ਨੂੰ ਮਿਲਦਾ ਹੈ ਕਿ ਜਦ ਵਡੇਰੀ ਉਮਰ ਦੇ ਮਾਪੇ ਹੋ ਜਾਂਦੇ ਹਨ, ਮਾਂ ਧੀ ਨੂੰ ਧਰਵਾਸ ਦਿੰਦੀ ਕਹਿੰਦੀ ਹੈ ਕਿ ਮੇਰੇ ਤੋਂ ਬਾਅਦ ਤੈਨੂੰ ਤੇਰੀ ਭਰਜਾਈ ਮਿਲੂਗੀ। ਧੀਆਂ ਮਾਪਿਆਂ ਦੇ ਦਰ ਹਮੇਸ਼ਾ ਖੁੱਲ੍ਹੇ ਰਹਿਣ ਦੀ ਰੱਬ ਅੱਗੇ ਅਰਜੋਈ ਕਰਦੀਆਂ ਹਨ।

1. * ਵਣਾਂ 'ਚ ਪੀਲੂ ਪੱਕੀਆਂ, ਨੀਂ ਮੇਰੀ ਰਾਣੀਏ ਮਾਏਂ,
ਪੱਕ-ਪੱਕ ਹੋਈਆਂ ਲਾਲ ਨੀਂ ਭਲੀਏ।
* ਕਦੀ ਨਾ ਘੱਲਿਆਂ ਸੁੱਖ ਸੁਨੇਹਾ, ਨੀਂ ਮੇਰੀ ਰਾਣੀਏ ਮਾਏਂ,
ਕਦੀ ਨਾ ਘੱਲਿਆਂ ਵੀਰ ਨੀਂ ਭਲੀਏ।
* ਕੀਹਦੇ ਕੋਲ ਘੱਲਦਾ ਸੁੱਖ ਸੁਨੇਹਾ, ਨੀਂ ਮੇਰੀ ਰਾਣੀਏ ਧੀਏ।
ਕੀਹਦੇ ਨਾਲ ਘੱਲਦਾ ਵੀਰ ਨੀ ਭਲੀਏ।
* ਕੋਠੇ ਚੜ੍ਹ ਕੇ ਵੇਖਦੀ, ਨੀਂ ਮੇਰੀ ਰਾਣੀਏਂ ਸੱਸੂ।
ਅੱਗੇ ਨਾਈ ਪਿੱਛੇ ਵੀਰ ਨੀਂ ਭਲੀਏ।
* ਸੱਸੂ ਨੇ ਕੁੰਡੜਾ ਮਾਰਿਆ, ਵੇ ਮੇਰੇ ਸਰਵਣ ਵੀਰਾ।
ਕੰਧ ਟੱਪੇ ਘਰ ਆ ਵੇ ਭਲਿਆ।
* ਕੰਧ ਟੱਪੇ ਘਰ ਨਾ ਆਵਾਂ, ਨੀਂ ਮੇਰੀ ਰਾਣੀਏ ਭੈਣੇ।
ਲੋਕੀਂ ਕਹਿੰਦੇ ਚੋਰ ਨੀਂ ਭਲੀਏ।
* ਚੋਰਾਂ ਦੇ ਮੈਲੇ ਮੈਲੇ ਕੱਪੜੇ, ਵੇ ਮੇਰੇ ਸਰਵਣ ਵੀਰਾ।
ਤੇਰੀ ਚਿੱਟੀ ਪੁਸ਼ਾਕ ਵੇ ਭਲਿਆ।
* ਚੋਰਾਂ ਦੇ ਹੱਥ ਹਥਿਆਰ, ਵੇ ਮੇਰੇ ਸਰਵਣ ਵੀਰਾ।
ਤੇਰੇ ਮੋਢੇ ਤਲਵਾਰ ਵੇ ਭਲਿਆ।
* ਕਿੱਥੇ ਤੇ ਰੱਖਦਾ ਪਿੰਨੀਆਂ, ਨੀਂ ਮੇਰੀ ਰਾਣੀਏ ਭੈਣੇ।
ਕਿੱਥੇ ਤੇ ਰੱਖਦਾ ਤੇਰ ਨੀਂ ਭਲੀਏ?
* ਚੱਕੀ ਤੇ ਰੱਖਦੇ ਪਿੰਨੀਆਂ, ਵੇ ਮੇਰੇ ਸਰਵਣ ਵੀਰਾ।
ਮੰਜੇ ਤੇ ਰੱਖਦੇ ਤੇਰ ਵੇ ਭਲਿਆ।
* ਕੀਹਨੂੰ ਕੀਹਨੂੰ ਦੇਦਾਂ ਪਿੰਨੀਆਂ, ਵੇ ਮੇਰੇ ਸਰਵਣ ਵੀਰਾ।
ਕੀਹਨੂੰ ਕੀਹਨੂੰ ਦੇਦਾਂ ਤੇਰ ਵੇ ਭਲਿਆ?
* ਆਂਢਣਾ ਗੁਆਂਢਣਾ ਨੂੰ ਪਿੰਨੀਆਂ, ਨੀਂ ਮੇਰੀ ਸਰਵਣ ਭੈਣੇ।
ਸੱਸਾਂ ਨਣਾਨਾਂ ਨੂੰ ਤੇਰ ਨੀਂ ਭਲੀਏ।
* ਆਪੇ ਖਾ ਲਵਾਂ ਪਿੰਨੀਆਂ, ਵੇ ਮੇਰੇ ਸਰਵਣ ਵੀਰਾ।
ਆਪ ਹੰਢਾਂ ਲਵਾਂ ਤੇਰ ਵੇ ਭਲਿਆ।

2. * ਦੂਰੋਂ ਤਾਂ ਆਈ ਸੀ ਚੱਲ ਕੇ ਨੀਂ ਮਾਂ, ਤੇਰੇ ਦਰ ਵਿੱਚ ਰਹੀ ਆਂ ਖਲੋ।
ਨੀਂ ਮੇਰੀਏ ਰਾਣੀਏਂ ਮਾਂ, ਦਰ ਵਿੱਚ ਰਹੀ ਆਂ ਖਲੋ।
ਭਾਬੀਆਂ ਨਾ ਪੁੱਛਿਆ ਸੁੱਖ ਤੇ ਸੁਨੇਹ, ਕਿਸੇ ਨਾ ਆਖਿਆ ਬਹੁ।
ਨੀਂ ਮੇਰੀਏ ਰਾਣੀਏਂ ਮਾਂ, ਕਿਸੇ ਨਾ ਆਖਿਆ ਬਹੁ।
ਲੈ ਗੰਢੜੀ ਮੈਂ ਤੁਰ ਪਈ ਸਾਂ, ਮਾਂ ਕਿਸੇ ਨਾ ਆਖਿਆ ਰਹੁ।

ਨੀਂ ਮੇਰੀਏ ਰਾਣੀਏਂ ਮਾਂ, ਕਿਸੇ ਨਾ ਆਖਿਆ ਰਹੁ।
ਫਿਰ ਤਾਏ ਨੇ ਦਿੱਤੀਆਂ ਪੀਹੜੀਆਂ ਨੀਂ ਮਾਂ, ਚਾਚੇ ਆਖਿਆ ਬਹੁ।
ਨੀਂ ਮੇਰੀਏ ਰਾਣੀਏਂ ਮਾਂ, ਚਾਚੇ ਨੇ ਆਖਿਆ ਬਹੁ।
ਤਾਈ ਨੇ ਦਿੱਤੀਆਂ ਪਿੰਨੀਆਂ ਨੀ ਮਾਂ, ਚਾਚੀ ਨੇ ਆਖਿਆ ਰਹੁ।
ਨੀਂ ਮੇਰੀਏ ਭੋਲੀਏਂ ਮਾਂ, ਚਾਚੀ ਨੇ ਆਖਿਆ ਰਹੁ।
ਪਲੰਘੇ ਤੇ ਬੈਠੜਿਆ ਵੱਡੜਿਆ ਵੀਰਾ, ਤੂੰ ਮੇਰੇ ਬਾਬਲੇ ਦੀ ਥਾਂ।
ਵੇ ਮੇਰਿਆ ਸ਼ਿੰਦਿਆ ਵੀਰਾ, ਤੂੰ ਮੇਰੇ ਬਾਬਲੇ ਦੀ ਥਾਂ।
ਬਾਬਲ ਤੇ ਦਿੰਦਾ ਸੀ ਬੂਰੀਆ ਵੇ ਝੋਟੀਆਂ, ਤੂੰ ਮੈਨੂੰ ਕਾਲੀਆਂ ਈ ਦੇਹ।
ਵੇ ਮੇਰੇ ਸ਼ਿੰਦਿਆ ਵੀਰਾ, ਤੂੰ ਮੈਨੂੰ ਕਾਲੀਆਂ ਈ ਦੇਹ।
ਪੀਹੜੇ ਤੇ ਬੈਠੜੀਏਂ ਰਾਣੀਏਂ ਭਾਬੋ, ਤੂੰ ਮੇਰੀ ਮਾਂ ਵਰਗੀ।
ਨੀਂ ਮੇਰੀਏ ਰਾਣੀਏਂ ਭਾਬੋ, ਤੂੰ ਮੇਰੀ ਮਾਂ ਵਰਗੀ।
ਮਾਂ ਤੇ ਦੇਂਦੀ ਸੂਹੇ ਸੁਹਾਨੇ, ਤੂੰ ਮੈਨੂੰ ਚਿੱਟੜੇ ਹੀ ਦੇਹ।
ਨੀਂ ਮੇਰੀਏ ਰਾਣੀਏਂ ਭਾਬੋ, ਤੂੰ ਮੈਨੂੰ ਚਿੱਟੜੇ ਹੀ ਦੇਹ।
ਭਾਬੀਆਂ ਅੰਗ ਸਹੇਲੜੀਆ, ਵੀਰਾ ਦੀ ਠੰਡੜੀ ਛਾਂ।
ਨੀਂ ਮੇਰੀਏ ਭੋਲੀਏਂ ਮਾਂ, ਵੀਰਾ ਦੀ ਠੰਡੜੀ ਛਾਂ।

3. * ਕੋਠੀ ਤੇ ਪਾਉਨੀ ਆ ਫੇਰਵੀ, ਫਿਰ-ਫਿਰ ਦੇਨੀ ਆ ਵਾਰ ਮਾਏਂ।
ਲੋਕੀ ਕੀ ਕਮਲੇ ਜਾਣਦੇ, ਮਾਵਾਂ ਤੇ ਧੀਆਂ ਦੀ ਸਾਰ ਮਾਏਂ?
ਮੋਤੀ ਤੇ ਪਾਉਨੀ ਆ ਸੁੱਕਣੇ, ਲੋਕਾਂ ਦੇ ਭਾਣੇ ਜਵਾਰ ਮਾਏਂ।
ਲੋਕੀ ਕੀ ਕਮਲੇ ਜਾਣਦੇ, ਮਾਵਾਂ ਤੇ ਧੀਆਂ ਦੀ ਸਾਰ ਮਾਏਂ?

* ਉੱਚਾ ਤੇ ਬੁਰਜ ਲਾਹੌਰ ਦਾ, ਹੇਠ ਤੇ ਤਪੇ ਤੰਦੂਰ ਮਾਏਂ।
ਗਿਣ-ਗਿਣ ਲਾਉਨੀ ਆ ਰੋਟੀਆਂ, ਭਰ-ਭਰ ਲਾਉਨੀ ਆ ਪੂਰ ਮਾਏਂ।
ਸੱਸੂ ਦੇ ਜਾਏ ਖਾ ਗਏ, ਅੰਮਾਂ ਦੇ ਜਾਏ ਦੂਰ ਮਾਏਂ।

* ਉੱਚਾ ਤੇ ਬੁਰਜ ਲਾਹੌਰ ਦਾ, ਹੇਠਾਂ ਲਲਾਰੀ ਬਜ਼ਾਰ ਮਾਏਂ।
ਉਹ ਰੰਗ ਦੇਂਦਾ ਚੀਰੇ, ਕਲਗੀ ਦਾ ਦੇਂਦਾ ਜਵਾਬ ਮਾਏਂ।
ਜੇ ਮੈਂ ਹੁੰਦੀ ਜਾਗਦੀ, ਕਲਗੀ ਤਾਂ ਦੇਂਦੀ ਰੰਗਾ ਮਾਏਂ।

* ਉੱਚਾ ਤੇ ਬੁਰਜ ਲਾਹੌਰ ਦਾ, ਹੇਠ ਸੁਨਿਆਰ ਬਜ਼ਾਰ ਮਾਏਂ।
ਕੰਨਾਂ ਨੂੰ ਘੜ ਦਿੰਦਾ ਵਾਲੀਆਂ, ਗਲ ਨੂੰ ਚੰਨਣ ਹਾਰ ਮਾਏਂ।
ਹਾਰ ਤੇ ਦਿੰਦਾ ਘੜ ਕੇ, ਧਾਗੇ ਦਾ ਦਿੰਦਾ ਜਵਾਬ ਮਾਏਂ।
ਜੇ ਮੈਂ ਹੁੰਦੀ ਜਾਗਦੀ ਧਾਗਾ ਤੇ ਦਿੰਦੀ ਪਵਾ ਮਾਏਂ।

4. * ਨੂਠੀ ਘੜਨੇ ਦਿੱਤੀ ਢੁੱਲ ਪਏ ਜੀ ਪੁਹਾਰੇ, ਤੇਰੇ ਬਦਲੇ ਬੀਬਾ ਮਾਪੇ ਮਨੋ ਵੇ ਵਿਸਾਰੇ।
ਕਾਂਟੇ ਘੜਨੇ ਦਿੱਤੇ ਬੋਰਾਂ ਜੜ੍ਹਤ ਜੜਾਈ, ਉੱਠ ਕੇ ਮਿਲ ਨੀਂ ਮਾਏਂ ਗੱਡੀ ਟੇਸ਼ਨ ਤੇ ਆਈ।
ਮੈਂ ਕੀ ਮਿਲਣਾ ਧੀਏ ਮਿਲੇ ਵੱਡੀ ਭਰਜਾਈ, ਮਾਪੇ ਦੋ ਦਿਨ ਦੇ, ਜੁੱਗ ਜੀਵਣ ਭਾਈ।
ਉਹ ਨਾ ਮਿਲੇ ਨੀਂ ਮਾਏਂ ਭਾਬੋ ਧੀ ਆ ਪਰਾਈ, ਤੂੰ ਹੀ ਮਿਲ ਨੀਂ ਮਾਏਂ ਮੈਂ ਆਂ ਤੇਰੀ ਜਾਈ।

* ਬੰਦ ਘੜਨੇ ਦਿੱਤੇ ਚੂੜੀਆਂ ਪਈਆਂ ਜੀ ਪੁਹਾਰੇ, ਤੇਰੇ ਬਦਲੇ ਬੀਬਾ ਮਾਪੇ ਮਨੋ ਵੇ ਵਿਸਾਰੇ।
ਹਾਰ ਘੜਨੇ ਦਿੱਤਾ ਧਾਗੇ ਜੜ੍ਹਤ ਜੜਾਈ, ਉੱਠ ਕੇ ਮਿਲ ਨੀਂ ਮਾਏਂ ਗੱਡੀ ਟੇਸ਼ਨ ਤੇ ਆਈ।
ਮੈਂ ਕੀ ਮਿਲਣਾ ਧੀਏ ਮਿਲੇ ਵੱਡੀ ਭਰਜਾਈ, ਮਾਪੇ ਦੋ ਦਿਨ ਦੇ, ਜੁੱਗ ਜੀਵਣ ਭਾਈ।
ਉਹ ਨਾ ਮਿਲੇ ਨੀਂ ਮਾਏਂ ਭਾਬੋ ਧੀ ਆ ਪਰਾਈ, ਤੂੰ ਹੀ ਮਿਲ ਨੀਂ ਮਾਏਂ ਮੈਂ ਆਂ ਤੇਰੀ ਜਾਈ।

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂੰ ਰੁੱਲ ਜਾਵੋਗੇ**

# ਧਨੀ ਰਾਮ ਚਾਤ੍ਰਿਕ ਦਾ ਚਿੰਤਨ

**ਸਤਿਨਾਮ ਔਜਲਾ ਵੈਨਕੂਵਰ**



ਧਨੀ ਰਾਮ ਚਾਤ੍ਰਿਕ ਪਹਿਲਾ ਐਸਾ ਚਿੰਤਕ ਅਤੇ ਸ਼ਾਇਰ ਹੈ, ਜਿਸ ਨੇ ਪੰਜਾਬ ਦੇ ਕਿਸਾਨ ਦੀ ਨਿੱਜੀ ਜ਼ਿੰਦਗੀ ਅਤੇ ਕਿਸਾਨੀ ਨੂੰ ਬਹੁਤ ਨੇੜਿਉਂ ਹੋ ਕੇ ਝਾਕਿਆ ਹੈ। ਕਿਸਾਨ ਦੇ ਦਰਦ ਨੂੰ ਆਪਣੇ ਦਿਲ ਨਾਲ ਲਾਇਆ ਹੈ ਅਤੇ ਆਹ ਭਰੀ ਹੈ। ਚਿੰਤਕ ਨੇ ਕਿਸਾਨ ਦੇ ਘਰੇਲੂ ਹਾਲਾਤਾਂ ਨੂੰ ਬਹੁਤ ਬਾਰੀਕ ਬੀਨੀ ਦ੍ਰਿਸ਼ਟੀ ਨਾਲ ਕਲਮ ਰਾਹੀਂ ਚਿਤਰਿਆ ਹੈ। ਗੁਰੂ ਨਾਨਕ ਸਾਹਿਬ ਦੇ ਹੱਥੀਂ ਖੇਤੀ ਕਰਨ ਵਾਲੀ ਇਸ ਪੰਜਾਬ ਦੀ ਧਰਤੀ ਨੂੰ ਸਿਫ਼ਤ ਸਲਾਹਿਆ ਵੀ ਹੈ।

ਸਿਕੰਦਰ ਦੀ ਆਮਦ ਤੋਂ ਬਾਅਦ ਮੁਹੰਮਦ ਬਿਨ ਕਾਸਿਮ, ਗੌਰੀ, ਗਜ਼ਨਵੀ, ਖਿਲਜੀ, ਗੁਲਾਮ ਤੁਗਲਕ ਅਤੇ ਲੋਧੀ ਵੰਸ਼ ਨੇ ਰਾਜ ਕੀਤਾ। ਗਜ਼ਨੀ, ਅਬਦਾਲੀ ਅਤੇ ਨਾਦਰਸ਼ਾਹ ਵਰਗਿਆਂ ਨੇ ਪੰਜਾਬ ਦੀ ਆਬਰੂਹ ਨੂੰ ਰੱਜ ਕੇ ਲੁੱਟਿਆ। 1526 ਤੋਂ ਮੁਗਲਾਂ ਦਾ ਰਾਜ ਸਥਾਪਤ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਪੰਜਾਬ ਅੰਗਰੇਜ਼ਾਂ ਦਾ ਗੁਲਾਮ ਹੋ ਗਿਆ। ਨਾਦਰਸ਼ਾਹੀ ਲੁੱਟ 'ਚ ਕਿਸਾਨ ਤੇ ਕਿਸਾਨੀ ਉੱਜੜਦੇ ਰਹੇ।

1947 ਦੀ ਵੰਡ ਤੋਂ ਪਹਿਲਾਂ ਪੰਜਾਬ ਦੇ 29 ਜ਼ਿਲ੍ਹੇ ਸਨ। ਵੰਡ ਤੋਂ ਬਾਅਦ 16 ਜ਼ਿਲ੍ਹੇ ਪਾਕਿਸਤਾਨ 'ਚ ਚਲੇ ਗਏ ਅਤੇ 13 ਜ਼ਿਲ੍ਹੇ ਭਾਰਤ ਹਿੱਸੇ ਆ ਗਏ। ਪੰਜ ਦਰਿਆਵਾਂ 'ਚੋਂ ਢਾਈ ਦਰਿਆ ਸਾਡੇ ਹਿੱਸੇ ਆਏ। ਇਸ ਮੰਦਭਾਗੀ ਵੰਡ 'ਚ 10 ਲੱਖ ਲੋਕ ਮਾਰੇ ਗਏ। ਲੱਖਾਂ ਘਰ ਉੱਜੜ ਗਏ, ਲੱਖਾਂ ਪਰਿਵਾਰ ਵਿਛੜ ਗਏ, ਲੱਖਾਂ ਔਰਤਾਂ ਬੇਵਾ ਹੋ ਗਈਆਂ, ਲੱਖਾਂ ਬੱਚੇ ਯਤੀਮ ਹੋ ਗਏ। ਇੰਜ ਲੱਖਾਂ ਲੋਕਾਂ ਦੇ ਲਹੂ ਨਾਲ ਭਿੱਜੀ ਆਜ਼ਾਦੀ ਦੀ ਇੱਟ ਚਿਣ ਹੋਈ। ਭਾਵ ਸਦੀਆਂ ਤੋਂ ਪੰਜਾਬ ਵਸਦਾ ਤੇ ਉੱਜੜਦਾ ਰਿਹਾ। ਏਥੇ ਹੀ ਬਸ ਨਹੀਂ ਹੋਈ 1957 'ਚ ਪੰਜਾਬ ਦੀ ਬਾਂਹ ਵੱਢ ਕੇ ਹਿਮਾਚਲ ਬਣਾ ਦਿੱਤਾ ਗਿਆ ਅਤੇ 1966 ਸਿਰ ਕਲਮ ਕਰਕੇ ਅੱਜ ਦਾ ਨਵਾਂ ਪੰਜਾਬ ਬਣਾ ਦਿੱਤਾ ਗਿਆ। ਹਰਿਆਣਾ ਨਵਾਂ ਰਾਜ ਬਣਾ ਦਿੱਤਾ।

ਚਾਤ੍ਰਿਕ ਦੇ ਸਮੇਂ 'ਚ ਪੰਜਾਬ ਦਾ ਕਿਸਾਨ ਬੇਸ਼ੱਕ ਗਰੀਬ ਸੀ ਪਰ ਉਹ ਕਿਸੇ ਹੱਦ ਤੱਕ ਮਾਨਸਿਕ ਰੂਪ 'ਚ ਖੁਸ਼ਹਾਲ ਸੀ। ਬਹੁਤ ਸਾਰੀਆਂ ਆਈਆਂ ਆਫ਼ਤਾਂ ਅਤੇ ਚਿੰਤਾਵਾਂ ਆਪਣੇ ਉੱਪਰ ਝੱਲ ਲੈਂਦਾ ਸੀ। ਜ਼ਿੰਦਗੀ ਸੁਖਾਲੀ ਸੀ ਉਪਰਾਮਤਾ ਘੱਟ ਸੀ। ਚਾਤ੍ਰਿਕ ਦੇ ਇਸ ਸ਼ੇਅਰ 'ਚ ਇਹ ਰੂਪ ਝਲਕਦਾ ਹੈ।

**ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ**
**ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ**
**ਕੱਛੇ ਮਾਰ ਵੰਝਲੀ ਅਨੰਦ ਛਾ ਗਿਆ**
**ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।**

ਇਨ੍ਹਾਂ ਸਤਰਾਂ 'ਚ ਚਾਤ੍ਰਿਕ ਨੇ ਕਿਸਾਨ ਦੀ ਦਰਿਆਦਿਲੀ ਅਤੇ ਮਸਤ ਮਜ਼ਾਜ ਦਾ ਵਰਨਣ ਤਾਂ ਕੀਤਾ ਹੈ ਪਰ ਉਸ ਸਮੇਂ ਵੀ ਕਿਸਾਨ ਸ਼ਾਹਾਂ ਦਾ ਕਰਜ਼ਦਾਰ ਹੀ ਸੀ। ਉਸ ਦੇ ਸਾਊਪੁਣੇ ਦੀ ਲੁੱਟ ਉਸ ਸਮੇਂ ਵੀ ਸੀ।

ਕੁਦਰਤ ਦੀ ਮਾਰ ਨਾਲ ਪਰਿਵਾਰ 'ਚ ਤੰਗੀਆਂ ਤੁਰਸ਼ੀਆਂ ਆ ਖੜ੍ਹਦੀਆਂ। ਚੰਗੀ ਫਸਲ ਦੀ ਆਸ 'ਚ ਉਹ ਕੁਝ ਕਰਜ਼ਾ ਚੁੱਕ ਲੈਂਦਾ ਪਰ ਕਈ ਵਾਰ ਕੁਦਰਤ ਉਸ ਨਾਲ ਐਸਾ ਮਜ਼ਾਕ ਕਰਦੀ ਝੱਖੜ ਝੋਲੇ ਉਸ ਦਾ ਸਭ ਕੁਝ ਲੁੱਟ ਪੁੱਟ ਕੇ ਲੈ ਜਾਂਦੇ। ਕਿਸਾਨ ਹੋਰ ਕਰਜ਼ ਥੱਲੇ ਆ ਜਾਂਦਾ ਤੇ ਸ਼ਾਹੂਕਾਰ ਧੇਲੀ ਵੱਟੇ ਹਵੇਲੀ ਲਿਖਾ ਲੈਂਦਾ। ਕਿਸਾਨ ਸਿਰਫ਼ ਰੱਬ ਤੇ ਯਕੀਨ ਚੰਗੇ ਦਿਨਾਂ ਦੀ ਆਸ ਰੱਖ ਕੇ ਬੈਠ ਜਾਂਦਾ। ਸਬਰ ਕਰ ਲੈਂਦਾ। ਕੁਦਰਤ ਦੀ ਕਰੋਪੀ ਨਾਲ ਸਿਝਣ ਲਈ ਕਿਸੇ ਉਸ ਦਾ ਹੱਥ ਨਾ ਫੜਿਆ। ਕਿਸਾਨ ਨੇ ਵੀ ਆਪਣੀਆਂ ਰਹੁ ਰੀਤਾਂ ਨੂੰ ਨਹੀਂ ਬਦਲਿਆ ਸਗੋਂ ਹਿੱਕ ਠੋਕ ਕੇ ਪਹਿਰਾ ਦਿੰਦਾ ਰਿਹਾ। ਚਾਲਾਕ ਸਰਮਾਏਦਾਰੀ ਨੇ ਉਸ ਨੂੰ ਹਉਮੈਂ ਚੋਂ ਕੱਢਣ ਲਈ ਨਹੀਂ ਪ੍ਰੇਰਿਆ। ਇੰਜ ਕਿਸਾਨ ਗਰੀਬੀ ਦੀ ਦਲਦਲ ਧਸਦਾ ਹੀ ਗਿਆ। ਸਦੀਆਂ ਤੋਂ ਇਹ ਵਰਤਾਰਾ ਉਸ ਨਾਲ ਅੱਜ ਤੱਕ ਚਲ ਰਿਹਾ ਹੈ। ਇਸ ਕਰਕੇ ਚਾਤ੍ਰਿਕ ਨੇ ਕਿਸਾਨ ਨੂੰ ਉਸ ਦੀ ਨਾਦਾਨੀ ਤੋਂ ਸੁਚੇਤ ਕੀਤਾ ਹੈ।

**ਪੱਕੀ ਖੇਤੀ ਵੇਖ ਕੇ ਗਰਬ ਕਰੇ ਕਿਰਸਾਨ**
**ਵਾਉ ਝੱਖੜ ਝੋਲਿਉਂ ਘਰ ਆਈ ਤੇ ਜਾਣ।**

ਆਪਣੇ ਅਨੁਭਵ ਤੋਂ ਸ਼ਾਇਰ ਨੇ ਕਿਸਾਨ ਨੂੰ ਸਮਝਾਇਆ ਹੈ ਕਿ ਪੱਕੀ ਫਸਲ ਦੇਖ ਕੇ ਤੇਰੇ ਚਿਹਰੇ ਤੇ ਨੂਰ ਅਤੇ ਜਿਹਨ 'ਚ ਗਰੂਰ ਤਾਂ ਜ਼ਰੂਰ ਆਇਆ ਹੈ ਪਰ ਇਹ ਦੌਲਤ ਤੇਰੀ ਤਦ ਹੀ ਹੈ ਜੇ ਝੱਖੜ ਹਨ੍ਹੇਰੀ ਮੀਂਹ ਦੀਆਂ ਆਫ਼ਤਾਂ ਤੋਂ ਬਚ ਕੇ ਤੇਰੇ ਭੜੋਲੇ 'ਚ ਆ ਪਈ ਤਾਂ ਹੀ ਤੇਰੀ ਹੈ। ਸ਼ਾਇਰ ਨੇ ਕਿਸਾਨ ਦੀ ਅੰਦਰ ਦੀ ਮਜ਼ਬੂਰੀ ਨੂੰ ਜਿਸ ਤਰ੍ਹਾਂ ਘੋਖਿਆ ਹੈ ਸ਼ਾਇਦ ਹੀ ਕਿਸੇ ਆਧੁਨਿਕ ਕਵੀ ਨੇ ਏਨੀ ਡੂੰਘੀ ਚੁੱਭੀ ਮਾਰਨ ਦੀ

ਜ਼ੁਰਅਤ ਕੀਤੀ ਹੋਵੇ। ਸ਼ਾਇਰ ਨੇ ਕਿਸਾਨ ਜੋ ਮੌਸਮ ਦੀ ਮਾਰ ਦਾ ਦਰਦ ਪਿੰਡੇ ਤੇ ਹੰਢਾਉਂਦਾ ਹੈ ਇੰਜ ਲਿਖਿਆ ਹੈ। ਸੱਚਮੁੱਚ ਰੌਂਗਟੇ ਖੜ੍ਹੇ ਕਰ ਦੇਣ ਵਾਲਾ ਹੈ।

**ਜਾਂ ਇਕ ਕਿਸਮਤ ਦਾ ਬਲੀ ਜਾਗ ਰਿਹਾ ਕਿਸਾਨ**
**ਪਾਣੀ ਲਾਉਂਦਿਆਂ ਪੈਰ ਹੱਥ ਨੀਲੇ ਹੁੰਦੇ ਜਾਣ।**

ਕਿਸਾਨ ਦੇ ਦਰਦ ਨੂੰ ਉਹੀ ਹੀ ਸਮਝ ਸਕਦਾ ਹੈ ਜਿਸ ਨੇ ਸਿਆਲ ਦੀਆਂ ਕੱਕਰੀਆਂ ਰਾਤਾਂ ਨੂੰ ਖੜ੍ਹ ਕੇ ਫਸਲ ਨੂੰ ਪਾਣੀ ਲਾਇਆ ਹੋਵੇ। ਸਿਰ ਤੇ ਪੈਂਦੇ ਕੱਕਰ ਅਤੇ ਵਗਦੇ ਠੰਡੇ ਪਾਣੀ 'ਚ ਪੈਰ ਪਾ ਕੇ ਜੋ ਹਾਲ ਹੁੰਦਾ ਹੈ, ਉਸ ਨਾਲ ਸੱਚਮੁੱਚ ਹੱਥ ਪੈਰ ਨੀਲੇ ਪੈ ਜਾਂਦੇ ਹਨ। ਹੱਥ ਪੈਰਾਂ ਦੀਆਂ ਨਾੜਾਂ ਸੁਕੜ ਜਾਂਦੀਆਂ ਨੀਲੀਆਂ ਪੈ ਜਾਂਦੀਆਂ ਹਨ। ਇਹ ਰਾਤਾਂ ਦਾ ਦਰਦ ਕਿਸੇ ਆੜ੍ਹਤੀਏ ਜਾਂ ਸ਼ਾਹੂਕਾਰ ਜਾਂ ਸਰਕਾਰੀ ਅਫ਼ਸਰ ਜਾਂ ਬਾਦਸ਼ਾਹ ਨੇ ਨਹੀਂ ਹੰਢਾਇਆ ਹੁੰਦਾ। ਇਸ ਕਰਕੇ ਉਹ ਕਿਸਾਨ ਦਾ ਦਰਦ ਨਹੀਂ ਸਮਝਦੇ। ਕਈ ਵਾਰ ਗਰਮੀਆਂ ਨੂੰ ਪਾਣੀ ਲਾਉਣ ਗਏ ਕਿਸਾਨ ਨੂੰ ਸੱਪ ਡੱਸ ਜਾਂਦੇ ਹਨ। ਘਰ ਮਾਂ, ਬਾਪ, ਪੁੱਤਰ, ਧੀਆਂ, ਘਰਵਾਲੀ ਉਡੀਕਦੇ ਹੁੰਦੇ ਹਨ ਪਰ ਉਹ ਕਿਸਮਤ ਦਾ ਵਲੀ ਵੱਟ ਨਾਲ ਪਿਆ ਅਲਵਿਦਾ ਕਹਿ ਗਿਆ ਹੁੰਦਾ ਹੈ। ਘਰ ਕਫਨ ਜੋਗੇ ਪੈਸੇ ਵੀ ਨਹੀਂ ਹੁੰਦੇ। ਬਿਨ ਮਿਲਿਆ ਰੁਖ਼ਸਤ ਹੋ ਜਾਂਦਾ ਹੈ।

ਜਦੋਂ ਫਸਲ ਪੱਕ ਕੇ ਘਰ ਆਉਣ ਦਾ ਸਮਾਂ ਹੁੰਦਾ ਹੈ, ਉਸ ਦੇ ਸੁਪਨੇ ਕਿਸ ਤਰ੍ਹਾਂ ਖਿੰਡ ਜਾਂਦੇ ਹਨ।

**ਰਹਿੰਦਾ ਬੋਲ ਹੁੰਝਾ ਲਿਆ ਆ ਕੇ ਲਹਿਣੇਦਾਰ**
**ਤੇਰੇ ਪਲੇ ਰਹਿ ਗਈ ਤੂੜੀ ਪੰਡਾ ਚਾਰ।**

ਕਿਸਾਨ ਦੇ ਦੋ ਵੱਡੇ ਲਹਿਣੇਦਾਰ ਹਨ, ਇੱਕ ਆੜ੍ਹਤੀਆ ਜਾਂ ਸ਼ਾਹੂਕਾਰ ਦੂਜੀ ਅੱਜ ਦੇ ਸਮੇਂ 'ਚ ਸਰਕਾਰ। ਸਰਕਾਰੀ ਸ਼ਾਹੂਕਾਰੇ 'ਚ ਅਤੇ ਦੂਜੇ ਸ਼ਾਹੂਕਾਰ 'ਚ ਕੋਈ ਬਹੁਤਾ ਅੰਤਰ ਨਹੀਂ ਹੈ। ਜਿਵੇਂ ਸ਼ਾਹੂਕਾਰ ਚਕਰਵਿਧੀ ਨਾਲ ਵਿਆਜ ਲਾਉਂਦੇ ਹਨ ਸਰਕਾਰੀ ਵੀ ਇਵੇਂ ਕਰਦੇ ਹਨ। ਫਸਲ ਅਜੇ ਖੱਤੇ 'ਚ ਹੁੰਦੀ ਹੈ ਮੈਨੇਜਰ ਘਰੀਂ ਨੋਟਿਸ ਭੇਜਣੇ ਸ਼ੁਰੂ ਕਰ ਦਿੰਦੇ ਹਨ। ਆਪ ਪੂਰੀ ਟੀਮ ਨਾਲ ਪੁਲਿਸ ਲੈ ਕੇ ਘਰੀਂ ਆ ਵੜਦੇ ਹਨ। ਕਰਜ਼ਦਾਰ ਨੂੰ ਜ਼ਲੀਲ ਕਰਦੇ ਹਨ। ਕੁਰਕੀ ਦੀਆਂ ਧਮਕੀਆਂ ਦਿੰਦੇ ਹਨ। ਗਰੀਬ ਕਿਸਾਨ ਨੀਵੀਂ ਪਾਈ ਬੈਠਾ ਹੁੰਦਾ ਹੈ। ਬੋਲ ਹੁੰਝਾ ਕੇ ਲੈ ਜਾਂਦੇ ਹਨ। ਬਸ ਢੱਗਿਆਂ ਲਈ ਚਾਰ ਪੰਡਾ ਤੂੜੀ ਹੀ ਬਚਦੀ ਹੈ। ਅੱਜ ਦੀਆਂ ਸਰਕਾਰਾਂ ਹੋਰ ਵੀ ਅੱਗੇ ਲੰਘ ਗਈਆਂ ਹਨ। ਕਰਜ਼ਾ ਮੁਆਫ਼ ਕਰਕੇ ਮੁਕਰਨ ਦੀ ਕਲਾ ਵੀ ਸਿੱਖ ਗਈਆਂ ਹਨ। ਕਵੀ ਕਿਸਾਨ ਨੂੰ ਇਕ ਸਵਾਲ ਕਰਦਾ ਹੈ।

**ਅਮਰੀਕਾ ਵਿਚ ਜੱਟ ਹੀ ਹੋ ਰਹੇ ਮਾਲਾਮਾਲ**
**ਸੁਣ ਲੈ ਤੇਰੇ ਢਿੱਡ 'ਚੋਂ ਕਿਉਂ ਨਾ ਨਿਕਲੇ ਕਾਲ।**

ਚਾਤ੍ਰਿਕ ਨੇ ਕਿਸਾਨ ਦੇ ਐਬ ਹੀ ਉਸ ਦੀ ਇਸ ਬਦਕਿਸਮਤੀ ਲਈ ਜ਼ਿੰਮੇਵਾਰ ਦੱਸੇ ਹਨ। ਬੱਚਿਆਂ ਨੂੰ ਚੰਗੀ ਵਿਦਿਆ ਦੇ ਤੇਰੇ ਲਈ ਇਹੀ ਇਕ ਰਾਸਤਾ ਹੈ। ਜੇ ਫਿਰ ਵੀ ਤੇਰੀ ਕਿਸਮਤ ਨਾ ਬਦਲੇ ਤਾਂ ਚਾਤ੍ਰਿਕ ਜ਼ਿੰਮੇਵਾਰ ਹੈ। ਇਥੇ ਤੱਕ ਚਾਤ੍ਰਿਕ ਸਹੀ ਵੀ ਹੈ।

ਪਰ ਅੱਜ ਦੇ ਅਜੋਕੇ ਸਮੇਂ 'ਚ ਜੇ ਚਾਤ੍ਰਿਕ ਸਾਹਿਬ ਜਿਊਂਦੇ ਹੁੰਦੇ ਤਾਂ ਉਦਾਸ ਚਿੱਤ ਜ਼ਰੂਰ ਹੁੰਦੇ। ਕਿਸਾਨ ਪਿਤਾ ਪੁਰਖੀ ਕੰਮ 'ਚ ਬੱਚੇ ਪਾ ਕੇ ਉਨ੍ਹਾਂ ਨੂੰ ਡਾਕਟਰ ਜਾਂ ਇੰਜੀਨੀਅਰ ਨਹੀਂ ਬਣਾ ਸਕਦਾ। ਕਿਉਂਕਿ ਇਕ ਡਾਕਟਰ ਬਣਨ ਲਈ ਲੱਖਾਂ ਰੁਪਏ ਫੀਸ ਹੈ। ਅੱਜ ਘਰ 'ਚ ਹੀਟਰ, ਕੂਲਰ ਚਾਹੀਦੇ ਹਨ। ਰੁੱਖਾਂ ਥੱਲੇ ਬਹਿਣ ਦਾ ਸਮਾਂ ਜਾ ਚੁੱਕਾ ਹੈ। ਵਿਆਹ ਸ਼ਾਦੀਆਂ ਕਿਵੇਂ ਕਰੇ। ਜੇ ਅੱਜ ਸੋਚ ਦਾ ਹਾਣੀ ਨਾ ਬਣੇ। ਉਹ ਭੁੰਬੀ ਮਾਰ ਕੇ ਤੁਰਾ ਰਹੇ, ਹਾਂ ਗਰੀਬ ਦਾ ਗਰੀਬ, ਫਿਕਰ ਮੁਕਤ ਨਹੀਂ ਹੁੰਦਾ।

ਅਮਰੀਕਾ ਦੇ ਕਿਸਾਨ ਖੁਲ੍ਹੀ ਜ਼ਮੀਨ ਤੇ ਖੇਤੀ ਕਰਦਾ ਹੈ। ਸਰਕਾਰਾਂ ਮੱਦਦ ਦਿੰਦੀਆਂ ਹਨ। ਸਾਡੀ ਜ਼ਮੀਨੀ ਵੰਡ ਜ਼ਿਆਦਾ ਹੈ ਸਾਧਨਾ ਦੀ ਘਾਟ ਹੈ। ਸਬਸਿਡੀ ਦਾ 85% ਨੇਤਾ ਤੇ ਮੁਲਾਜ਼ਮ ਖਾ ਜਾਂਦੇ ਹਨ। ਦਵਾਈਆਂ ਸਪਰੇਅ ਵਾਲੀਆਂ ਨਕਲੀ ਹਨ। ਪੰਜਾਬ 'ਚ ਦਸਾਂ ਸਾਲਾਂ 'ਚ ਸੋਲਾਂ ਹਜ਼ਾਰ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਅਮਰੀਕਾ 'ਚ ਕੋਈ ਖੁਦਕੁਸ਼ੀ ਕਰਦਾ ਹੈ। ਕੋਈ ਵੀ ਸਰਕਾਰ ਕਿਸਾਨ ਪੱਖੀ ਯੋਜਨਾ ਨਹੀਂ ਬਣਾ ਸਕੀ। ਨੇਤਾ ਥੁੱਕ ਕੇ ਚੱਟਣ ਦੀ ਮੁਹਾਰਤ ਹਾਸਲ ਕਰ ਚੁੱਕੇ ਹਨ। ਭ੍ਰਿਸ਼ਟਾਚਾਰ ਦਾ ਇਹ ਹਾਲ ਹੈ, ਰਿਸ਼ਵਤਖੋਰੀ ਚਰਮਸੀਮਾ ਤੇ ਹੈ। ਨੇਤਾਵਾਂ ਦਾ ਇਹ ਹਾਲ ਹੈ।

**ਸੋਚਾ ਥਾ ਕੇ ਹਾਕਮ ਸੇ ਫਰਿਆਦ ਕਰੂੰ**
**ਕੰਮਬਖਤ ਬੋਹ ਵੀ ਇਸੇ ਚਾਹਨੇ ਵਾਲਾ ਨਿਕਲਾ।**

ਸੋ ਨੇਤਾਵਾਂ ਬਾਰੇ ਅਤੇ ਜਨਤਾ ਬਾਰੇ ਕਹਿਣਾ ਇਹ ਸੱਚ ਹੀ ਹੈ। ਹਾਲਾਤ ਇਹੀ ਹਨ।

**ਦੇਖੀ ਤੇਰੀ ਬਖ਼ਤਾਵਰੀ**
**ਮੇਰੀ ਪਾਟੀ ਘਗਰੀ ਲੀਰ ਦਾ ਨਾਲਾ।**

*****

**ਉੱਡ ਗਿਆ ਪਿਆਰ ਰੂਹਾਂ 'ਚੋਂ, ਜਿਵੇਂ ਪਾਣੀ ਸੁਕਿਆ ਖੂਹਾਂ 'ਚੋਂ।**
**ਜਵਾਈਆਂ ਵਿਚੋਂ ਪੁੱਤ ਭਾਲਦੇ ਪਰ ਧੀ ਨਹੀਂ ਦਿਸਦੀ ਨੂੰਹਾਂ 'ਚੋਂ।**

# ਸਾਵਨਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥

**ਸੁਰਿੰਦਰ ਸਿੰਘ ਰੂਬੀ**



ਸਾਲ ਦੇ ਸਾਰੇ ਸਮੇਂ ਨੂੰ ਚਾਰ ਮੁੱਖ ਰੁੱਤਾਂ ਵਿਚ ਵੰਡਿਆ ਗਿਆ ਹੈ। ਸਰਦੀ, ਗਰਮੀ, ਪਤਝੜ ਅਤੇ ਬਹਾਰ ਦੀ ਰੁੱਤ। ਜੇਠ-ਹਾੜ ਦੇ ਮਹੀਨੇ, ਜੋ ਅੰਗਰੇਜ਼ੀ ਸਾਲ ਦੇ ਅੱਧ ਮਈ ਤੋਂ ਅੱਧ ਜੁਲਾਈ ਤੱਕ ਦੇ ਮਹੀਨੇ ਹੁੰਦੇ ਹਨ ਦੇ ਸਮੇਂ ਉਤਰੀ ਭਾਰਤ ਦੇ ਮੈਦਾਨੀ ਖਿੱਤੇ ਵਿਚ ਬੜੀ ਗਰਮੀ ਦੇ ਦਿਨ ਹੁੰਦੇ ਹਨ। ਅਜੋਕੇ ਸਮੇਂ ਵਿਚ ਮਨੁੱਖੀ ਗਲਤੀਆਂ ਨਾਲ ਕੁਦਰਤੀ ਵਾਤਾਵਰਣ ਅਤੇ ਮੌਸਮਾਂ ਦੇ ਸਮਤੋਲ ਵਿਚ ਬੜੀਆਂ ਹੈਰਾਨੀਜਨਕ ਤਬਦੀਲੀਆਂ ਆਈਆਂ ਹਨ। ਬਾਕੀ ਰੁੱਤਾਂ ਦੇ ਮੁਕਾਬਲੇ ਗਰਮੀ ਦੀ ਰੁੱਤ ਨੇ ਆਪਣੇ ਹਿੱਸੇ ਦੇ ਸਮੇਂ ਵਿਚ ਖਾਸ ਵਾਧਾ ਕਰ ਲਿਆ ਹੈ। ਕਾਰਨ ਧਰਤੀ ਤੋਂ ਜੰਗਲਾਂ ਦਾ ਘਟਨਾ, ਬ੍ਰਿਖ ਪੌਦਿਆਂ ਦੀ ਅੰਨ੍ਹੇਵਾਹ ਕਟਾਈ ਅਤੇ ਵਾਤਾਵਰਣ ਨੂੰ ਅਸ਼ੁਧ ਕਰਨ ਵਾਲੀਆਂ ਰਸਾਇਣਕ ਕ੍ਰਿਆਵਾਂ ਵਿਚ ਅਥਾਹ ਵਾਧਾ ਹੈ। ਇਸ ਸਭ ਦੇ ਬਾਵਜੂਦ ਕੁਦਰਤ ਆਪਣੀ ਮਹਾਨਤਾ ਬਰਕਰਾਰ ਰੱਖਦੀ ਹੈ ਅਤੇ ਸਮੇਂ ਦੇ ਥੋੜ੍ਹੇ ਹੇਰ ਫੇਰ ਨਾਲ ਸਾਵਨ ਭਾਦੋਂ ਦੇ ਮਹੀਨੇ ਸੜ ਤਪ ਰਹੀ ਬਨਸਪਤੀ, ਫਸਲਾਂ ਅਤੇ ਮਨੁੱਖਤਾ ਨੂੰ ਵਰਖਾ ਰਾਹੀਂ ਨਿਹਾਲ ਕਰ ਹੀ ਦਿੰਦੀ ਹੈ।

ਗੁਰਬਾਣੀ ਵਿਚ ਸਾਵਣ ਦੇ ਮਹੀਨੇ ਦੀ ਵਿਸ਼ੇਸ਼ਤਾ ਖਾਸ ਤੌਰ ’ਤੇ ਬਿਆਨ ਹੋਈ ਹੈ। ਬਾਰਾਮਾਂਹ ਵਿਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ-

**ਸਾਵਨਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮ ਅਧਾਰੁ ॥**
**ਬਿਖਿਆ ਰੰਗ ਕੂੜਾਵਿਆ ਦਿਸਿਨ ਸਭੇ ਛਾਰ ॥**
**ਹਰ ਅਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੁ ਪੀਵਨਹਾਰੁ ॥**
**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥**
**ਹਰ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥**
**ਜੀਨੀ ਸਖੀਐ ਪ੍ਰਭੁ ਪਾਇਆ ਹਉ ਤਿਨ ਕੈ ਸਦਿ ਬਲਿਹਾਰ ॥**
**ਨਾਨਕ ਹਰਿ ਜੀ ਪਾਇਆ ਕਰ ਸਬਦਿ ਸਵਾਰਣਹਾਰੁ ॥**
**ਸਾਵਨ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿਹਾਰੁ ॥**

ਗੁਰੂ ਨਾਨਕ ਸਾਹਿਬ ਨੇ ਰਾਗ ਵਡਹੰਸ ਵਿਚ ਉਚਾਰਨ ਕੀਤਾ ਹੈ-

**ਮੋਰੀ ਰੁਣ ਝੁਨ ਲਾਇਆ ਭੈਣੇ ਸਾਵਣ ਆਇਆ ॥**
**ਤੇਰੇ ਮੁੰਧ ਕਟਾਰੇ ਜੇਵਡਾ ਤਿਨਾ ਲੋਭੀ ਲੋਭ ਲੁਭਾਇਆ ॥**
**ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੋ ਕੁਰਬਾਣੋ ॥**
**ਜਾ ਤੂ ਤਾ ਮੈ ਮਾਣ ਕੀ ਆਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥**

**ਆਉ ਸੁਭਾਗੀ ਨੀਂਦੜੀਏ ਮਤੁ ਸਹੁ ਦੇਖਾ ਸੋਇ ॥**
**ਤੈ ਸਾਹਿਬ ਕੀ ਬਾਤ ਜਿ ਆਖੇ ਕਹੁ ਨਾਨਕ ਕਿਆ ਤੀਜੈ ॥**
**ਸੀਸ ਵਢੇ ਕਰ ਬੈਸਣੁ ਦੀਜੈ ਵਿਣ ਸਿਰ ਸੇਵ ਕਰੀਜੈ ॥**
**ਕਿਉ ਨ ਮਰੀਜੈ ਜੀਅੜਾ ਨ ਤੀਜੈ ਜਾ ਸਹੁ ਭਇਆ ਵਿਡਾਣਾ ॥**

ਪੰਜਾਬ, ਗੁਰੂਆਂ ਪੀਰਾਂ ਦੀ, ਮੇਲਿਆਂ ਤਿਉਹਾਰਾਂ ਦੀ, ਕੁਦਰਤੀ ਨਿਆਮਤਾਂ ਨਾਲ ਭਰੀ, ਪੰਜਾਂ ਦਰਿਆਵਾਂ ਦੇ ਵਹਿਣਾਂ ਦੇ ਨਜ਼ਾਰਿਆਂ ਨਾਲ ਲਬਰੇਜ ਧਰਤੀ ਦਾ ਨਾਮ ਹੈ। ਹਰ ਸਮੇਂ ਨਾਲ, ਹਰ ਰੁੱਤ ਨਾਲ, ਦੁੱਖ ਨਾਲ ਸੁਖ ਨਾਲ, ਜੁੜੇ ਤਿਉਹਾਰਾਂ ਮੇਲਿਆਂ ਦੀ ਭਰਮਾਰ ਵਾਲੀ ਧਰਤੀ ਦਾ ਨਾਮ ਪੰਜਾਬ ਹੈ। ਹਰ ਰੁੱਤ ਦੇ ਆਪਣੇ ਤਿਉਹਾਰ ਮੇਲੇ ਹਨ। ਸਾਉਣ ਦੇ ਮਹੀਨੇ ਵਿਚ ਮਾਲਵੇ ਦੇ ਇਲਾਕੇ ਵਿਚ ਤੀਆਂ ਅਤੇ ਦੁਆਬੇ ਮਾਝੇ ਦੇ ਕੁਝ ਹਿੱਸੇ ਵਿਚ ਸਾਵੇਂ ਮਨਾਏ ਜਾਂਦੇ ਹਨ। ਨਵੀਆਂ ਵਿਆਹੀਆਂ ਮੁਟਿਆਰਾਂ ਸਾਵਨ ਦੇ ਮਹੀਨੇ ਵਿਚ ਪੇਕੇ ਪਿੰਡ ਜੁੜਦੀਆਂ ਹਨ ਤੇ ਹੋਰ ਜਵਾਨ ਮੁਟਿਆਰਾਂ ਨਾਲ ਤੀਆਂ ਜਾਂ ਸਾਵਿਆਂ ਦਾ ਤਿਉਹਾਰ ਮਨਾਉਂਦੀਆਂ ਹਨ। ਨਵੀਂ ਵਿਆਹੀ ਮੁਟਿਆਰ ਦਾ ਇਸ ਮਹੀਨੇ ਪੇਕੇ ਪਿੰਡ ਜ਼ਰੂਰੀ ਆਉਣ ਦੇ ਪਿੱਛੇ ਮਿੱਥ ਜੋੜ ਲਈ ਗਈ ਕਿ ਸ਼ਾਦੀ ਤੋਂ ਬਾਅਦ ਪਹਿਲੇ ਸਾਵਨ ਦੇ ਮਹੀਨੇ ਵਿਚ ਸੱਸ ਅਤੇ ਨੂੰਹ ਦਾ ਆਪਸੀ ਮੱਥੇ ਲੱਗਣਾ ਸੱਸ ਤੇ ਭਾਰੂ ਹੁੰਦਾ ਹੈ। ਸ਼ਾਇਦ ਇਹ ਸੱਸ ’ਤੇ ਭਾਰੂ ਹੋਣਾ ਮਿਥਣਾ ਹੀ ਨਵੀਂ ਵਿਆਹੀ ਮੁਟਿਆਰ ਨੂੰ ਬਾਕੀ ਸਹੇਲੀਆਂ ਨਾਲ ਖੁਸ਼ੀਆਂ ਨਾਲ ਭਰੇ ਇਸ ਤਿਉਹਾਰ ਨੂੰ ਮਨਾਉਣ ਦੀ ਖੁਸ਼ੀ

ਲੈਣ ਦੇ ਕਾਬਲ ਕਰਨ ਲਈ ਜ਼ਰੂਰੀ ਸੀ। ਜੇਕਰ ਇਹ ਭਾਰ ਕਿਸੇ ਹੋਰ ਤੇ ਹੁੰਦਾ ਤਾਂ ਸ਼ਾਇਦ ਕਈ ਸੱਸਾਂ ਨਵੀਆਂ ਨੂੰਹਾਂ ਨੂੰ ਪੂਰੇ ਮਹੀਨੇ ਭਰ ਲਈ ਪੇਕੇ ਤੋਰਨ ਤੋਂ ਗੁਰੇਜ ਵੀ ਕਰ ਲੈਂਦੀਆਂ।

ਪੇਕੇ ਗਈ ਨਵੀਂ ਨੂੰਹ ਦੇ ਪਿੱਛੇ ਸਹੁਰੇ ਪਰਿਵਾਰ ਵਿਚੋਂ ਨਨਦ, ਦਿਉਰ ਜਾਂ ਜੇਠਾਣੀ ਤੀਆਂ ਜਾਂ ਸਾਵਿਆਂ ਦਾ ਸਮਾਨ ਲੈ ਕੇ ਨੂੰਹ ਦੇ ਪੇਕੇ ਪਿੰਡ ਜਾਂਦੇ। ਸਮਾਨ ਵਿਚ ਮੁਟਿਆਰ ਲਈ ਸੂਟ, ਫੁਲਕਾਰੀ, ਸ਼ਿੰਗਾਰ ਦਾ ਸਮਾਨ, ਸੁੱਕੇ ਮੇਵਿਆਂ ਤੋਂ ਇਲਾਵਾ ਪੀਂਘ ਦਾ ਰੱਸਾ ਵੀ ਦੇਣ ਦਾ ਰਿਵਾਜ਼ ਸੀ। ਪਿੰਡ ਦੇ ਬੋਹੜ, ਪਿੱਪਲ, ਟਾਹਲੀ ਜਾਂ ਕਿੱਕਰ ਦੇ ਵੱਡੇ ਰੁੱਖ ਤੇ ਪੀਂਘ ਪਾਈ ਜਾਂਦੀ। ਮੁਟਿਆਰਾਂ ਸਾਰਾ ਸਾਰਾ ਦਿਨ ਪੀਂਘ ਝੂਟਦੀਆਂ, ਸਾਹਮਣੇ ਟਾਹਣ ਦਾ ਪੱਤਾ ਤੋੜ ਕੇ ਲਿਆਉਣ ਲਈ ਜ਼ੋਰ ਲੱਗਦੇ। ਇਕੱਠੀਆਂ ਹੋਈਆਂ ਮੁਟਿਆਰਾਂ ਤੀਆਂ ਜਾਂ ਸਾਵੇ ਮਨਾਉਂਦੀਆਂ ਹੱਸ ਹੱਸ ਦੂਹਰੀਆਂ ਹੋ ਕੇ ਗਿੱਧੇ ਦੀਆਂ ਬੋਲੀਆਂ ਪਾਉਂਦੀਆਂ ਧਮਾਲਾਂ ਪਾਉਂਦੀਆਂ –

**ਤੀਆਂ ਲੱਗੀਆਂ ਪਿੱਪਲ ਦੀ ਛਾਵੇਂ**
**ਨੀ ਕਾਹਲੀ ਕਾਹਲੀ ਪੈਰ ਪੱਟ ਲੈ ॥**

ਮੁਟਿਆਰਾਂ ਬੋਲੀਆਂ ਰਾਹੀਂ ਆਪਣੇ ਮਾਹੀ ਨੂੰ ਵੀ ਯਾਦ ਕਰਦੀਆਂ–

**ਰਲ ਆਓ ਸਈਓ ਨੀ ਸਭ ਤੀਆਂ ਖੇਡਣ ਜਾਈਏ**
**ਹੁਣ ਆਇਆ ਸਾਵਨ ਨੀ ਪੀਘਾਂ ਪਿਪਲੀ ਜਾ ਕੇ ਪਾਈਏ**
**ਪਈ ਕੂ ਕੂ ਕਰਦੀ ਨੀ ਸਈਓ ਕੋਇਲ ਹੰਝੂ ਡੋਲੇ**
**ਪਪੀਹਾ ਵੇਖੋ ਨੀ ਭੈੜਾ ਪੀ ਪੀ ਕਰ ਕੇ ਬੋਲੇ**
**ਪਏ ਪੈਲਾਂ ਪਾਉਂਦੇ ਨੀ ਬਾਗੀ ਮੋਰ ਸ਼ੋਰ ਮਚਾਇਆ**
**ਅੜੀਓ ਖਿੜ ਖਿੜ ਫੁੱਲਾਂ ਨੇ, ਸਾਨੂੰ ਮਾਹੀਆ ਯਾਦ ਕਰਾਇਆ।**

ਨਵੀਆਂ ਵਿਆਹੀਆਂ ਮੁਟਿਆਰਾਂ ਦੇ ਨਾਲ ਪਿੰਡ ਦੀਆਂ ਨੌਜਵਾਨ ਨੱਢੀਆਂ ਤੇ ਬਾਕੀ ਔਰਤਾਂ ਨੇ ਰਲ ਕੇ ਬੋਲੀਆਂ ਚੁੱਕਣੀਆਂ ਤੇ ਗਿੱਧੇ ਨੂੰ ਸਿਖਰਾਂ ਤੇ ਲੈ ਜਾਣਾ।

**ਸਾਉਣ ਮਹੀਨਾ ਚੜ ਚੜ ਆਵੇ**
**ਸਭੇ ਸਹੇਲੀਆਂ ਆਈਆਂ**
**ਸੰਤੋ ਬੰਤੋ ਹੋਈਆਂ ਕੱਠੀਆਂ**
**ਵੱਡੇ ਘਰਾਂ ਦੀਆਂ ਜਾਈਆਂ**
**ਗਿੱਧਾ ਪਾ ਰਹੀਆਂ**
**ਨਨਦਾਂ ਤੇ ਭਰਜਾਈਆਂ।**

ਪੰਜਾਬੀ ਸਾਹਿਤ ਵਿਚ ਕਵੀਆਂ ਸ਼ਾਇਰਾਂ ਨੇ ਵੀ ਇਸ ਸਮੇਂ ਨੂੰ ਕਥਨ ਬੰਦ ਕੀਤਾ ਹੈ। ਪ੍ਰਸਿੱਧ ਪੰਜਾਬੀ ਸ਼ਾਇਰ ਲਾਲਾ ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਸਾਵਨ ਵਿਚ ਲਿਖਿਆ ਹੈ–

**ਪੇਕੀਂ ਬੈਠੀਆਂ ਤਾਈਂ ਦਿਹਾਰ ਆਏ**
**ਤੇ ਸ਼ਿੰਗਾਰ ਲਾਏ ਸਹੁਰੀ ਆਈਆਂ ਨੇ**
**ਵੰਗਾਂ ਚੂੜੀਆਂ ਪਹਿਨੀਆਂ ਕੁਆਰੀਆਂ ਨੇ**
**ਰੰਗ ਚੁੰਨੀਆਂ ਮਹਿੰਦੀਆਂ ਲਾਈਆਂ ਨੇ**
**ਖੀਰਾਂ ਰਿੱਝੀਆਂ ਪੂੜਿਆ ਡੰਝ ਲਾਹੀ**
**ਕੁੜੀਆਂ ਵਹੁਟੀਆਂ ਨੇ ਪੀਘਾਂ ਪਾਈਆਂ ਨੇ**
**ਗਿੱਧੇ ਵੱਜਦੇ ਕਿਲਕਿਲੀ ਮੱਚਦੀ ਏ**
**ਘਟਾ ਕਾਲੀਆਂ ਵੇਖ ਕੇ ਛਾਈਆਂ ਨੇ**
**ਲੋਕੀਂ ਖੁਸ਼ੀ ਅੰਦਰ ਖੀਵੇ ਹੋਏ ਚਾਤ੍ਰਿਕ.**
**ਸਾਉਣ ਮਾਂਹ ਦੇ ਸੋਹਲੇ ਗਾਂਵਦੇ ਨੇ।**

ਬਚਪਨ ਵਿਚ ਜੋ ਅਸੀਂ ਸਾਉਣ ਮਹੀਨੇ ਦੀਆਂ ਲੰਮੀਆਂ ਝੜੀਆਂ ਵੇਖੀਆਂ ਹਨ। ਉਹ ਹੁਣ ਕਿਤੇ ਅਲੋਪ ਹੋ ਗਈਆਂ ਨੇ। ਇਕ ਵਾਰ ਵਰਖਾ ਸ਼ੁਰੂ ਹੋ ਜਾਂਦੀ ਤਾਂ ਪੰਜ-ਪੰਜ, ਸੱਤ-ਸੱਤ ਦਿਨ ਲਗਾਤਾਰ ਨਿੱਕੀ ਨਿੱਕੀ ਕਣੀ ਦਾ ਮੀਂਹ ਵਰ੍ਹੀ ਜਾਂਦਾ। ਕਦੇ ਤੇਜ਼ ਵਰਖਾ ਤੇ ਕਦੀ ਮੱਠੀ ਮੱਠੀ ਪਰ ਲਗਾਤਾਰ ਲੱਗੀ ਰਹਿੰਦੀ। ਪਿੰਡ ਵਿਚ ਕੱਚੀ ਮਿੱਟੀ ਦੇ ਘਰਾਂ ਨੂੰ ਘਰਾਂ ਦੀਆਂ ਚਾਰ ਦੀਵਾਰੀ ਦੀਆਂ ਕੱਚੀਆਂ ਕੰਧਾਂ ਨੂੰ ਮਿੱਟੀ ਤੇ ਤੂੜੀ ਰਲਾ ਕੇ ਬਾਹਰੋਂ ਔਰਤਾਂ ਨੇ ਜੇਠ ਹਾੜ ਦੇ ਮਹੀਨੇ ਲੇਪ ਦੇ ਕੇ ਮਜ਼ਬੂਤ ਤੇ ਸਾਫ਼ ਕਰ ਲੈਣੀਆਂ। ਝੜੀਆਂ ਦੇ ਤੀਜੇ ਚੌਥੇ ਦਿਨ ਦਿੱਤੇ ਮਿੱਟੀ ਦੇ ਲੇਪ ਵਿਚ ਪਾਣੀ ਨਾਲ ਤਰੇੜਾ ਪੈ ਜਾਣੀਆਂ ਤੇ ਜੋ ਲੰਮੀ ਝੜੀ ਲੱਗਣ ਤੇ ਇਹ ਲੇਪ ਵੱਡੇ-ਵੱਡੇ ਟੁਕੜਿਆਂ ਦੀ ਸ਼ਕਲ ਵਿਚ ਧੜੱਮ ਕਰਦੇ ਥੱਲੇ ਡਿੱਗ ਜਾਣੇ। ਕਿਸੇ ਮਾੜੀ ਕੰਧ ਦਾ ਉਲਾਰ ਵੱਧਦਾ ਵੇਖ ਕੇ ਗਲੀਆਂ ਵਿਚ ਵਰਖਾ ਦੇ ਪਾਣੀ ਵਿਚ ਖੇਡਦੇ ਜਵਾਕਾਂ ਨੇ "ਇਹ ਉਹ ਗ ਈਆ ਗਈ ਆ, ਗਈ ਆ," ਕਰਦੇ ਧੜੱਮ ਨਾਲ ਡਿੱਗਦੀ ਕੰਧ ਤੇ ਹੱਸ ਹੱਸ ਦੂਹਰੇ ਹੋਈ ਜਾਣਾ ਤੇ ਉਧਰ ਘਰ ਦੀਆਂ ਔਰਤਾਂ ਵੱਲੋਂ ਡਿੱਗੇ ਲੇਪ ਜਾਂ ਕੰਧ ਦੀ ਮਿੱਟੀ ਰੁੜਣ ਤੋਂ ਬਚਾਉਣ ਲਈ ਫਟਾ ਫੱਟ ਕਹੀਆਂ ਬਾਟੇ ਲੈ ਕੇ ਵਰ੍ਹਦੇ ਬੱਦਲ ਵਿਚ ਮਿੱਟੀ ਸੰਭਾਲਣ ਦੇ ਨਜ਼ਾਰੇ ਆਮ ਹੁੰਦੇ ਸਨ। ਖੇਤੀ ਪ੍ਰਧਾਨ ਪੇਂਡੂ ਜੀਵਨ ਨੇ ਝੋਨੇ ਦੀ ਫਸਲ ਲਈ ਆਈ ਵਰਖਾ ਦਾ ਮਨੋ ਸਤਿਕਾਰ ਵੀ ਕਰਨਾ ਪ੍ਰੰਤੂ ਲੰਮੀ ਝੜੀ ਲੱਗਣ ਤੇ ਪਸ਼ੂਆਂ ਦਾ ਚਾਰਾ, ਚੁੱਲ੍ਹਾ ਬਾਲਣ ਲਈ ਸੁੱਕਾ ਬਾਲਣ ਅਤੇ ਮਾੜੀਆਂ ਕੰਧਾਂ ਕੋਠੇ ਡਿੱਗਣ ਦੀਆਂ ਪ੍ਰੇਸ਼ਾਨੀਆਂ ਵੀ ਝੱਲਣੀਆਂ। ਅੱਜ ਦੇ ਬਚਪਨ ਨੇ ਉਹ ਝੜੀਆਂ ਨਹੀਂ ਵੇਖੀਆਂ। ਵਾਤਾਵਰਣ ਦੀਆਂ ਤਬਦੀਲੀਆਂ ਕਾਰਨ ਝੱਟ ਫੜੱਕੇ ਵਾਲਾ ਬੱਦਲ ਹੀ ਹੁਣ ਵੇਖਣ ਨੂੰ ਮਿਲਦਾ ਹੈ ਜਿਸ ਦਾ ਖੇਤਰ ਅਧਾਰ ਵੀ ਬਹੁਤ ਘੱਟ ਹੁੰਦਾ ਹੈ। ਹੁਣ ਲੰਮੀਆਂ ਝੜੀਆਂ ਵੇਖਣ ਨੂੰ ਨਹੀਂ ਮਿਲਦੀਆਂ।

ਤੀਆਂ ਸਾਵਿਆਂ ਦੇ ਪੰਜਾਬੀ ਸਭਿਆਚਾਰ ਦੀ ਅਮੀਰ ਵਿਰਾਸਤ ਨੂੰ ਦਿਖਾਉਂਦੇ ਇਹ ਤਿਉਹਾਰ ਵੀ ਹੁਣ ਹੋਰ ਪੇਂਡੂ ਤਿਉਹਾਰਾਂ ਅਤੇ ਖੁਸ਼ੀਆਂ ਸਾਂਝੀਆਂ ਮਨਾਉਣ ਦੇ ਰਿਵਾਜ਼ ਹੁਣ ਘੱਟਦੇ ਜਾ ਰਹੇ ਹਨ। ਘੱਟਦੇ ਹੀ ਨਹੀਂ ਸਗੋਂ ਅਲੋਪ ਹੋਈ ਜਾ ਰਹੇ ਹਨ।

ਇਹ ਤਿਉਹਾਰ ਅਤੇ ਖੁਸ਼ੀਆਂ ਅਸੀਂ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਵਿਰਾਸਤ ਵਿਚ ਨਹੀਂ ਦੇ ਰਹੇ। ਹੁਣ ਤਾਂ ਕਿਤੇ ਕਿਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੀਆਂ ਸਟੇਜਾਂ ਤੇ ਹੀ ਇਹ ਵੰਨਗੀਆਂ ਵੇਖਣ ਨੂੰ ਮਿਲਦੀਆਂ ਹਨ ਅਤੇ ਲੱਗਦਾ ਹੈ ਕਿ ਉਥੇ ਵੀ ਇਹ ਬਹੁਤ ਲੰਮੇ ਸਮੇਂ ਨਹੀਂ ਚੱਲਣਗੀਆਂ। ਸਾਡੇ ਸੱਭਿਆਚਾਰ ਉਤੇ ਹੁਣ ਪੱਛਮੀ ਪ੍ਰਭਾਵ ਬਹੁਤ ਜ਼ਿਆਦਾ ਭਾਰੂ ਹੋ ਰਿਹਾ ਹੈ। ਰੈਪ ਦਾ ਜ਼ਮਾਨਾ ਹੈ।

ਲੋੜ ਹੈ, ਆਪਣੇ ਅਮੀਰ ਵਿਰਸੇ ਨੂੰ ਕਾਇਮ ਰੱਖਿਆ ਜਾਵੇ। ਕੁਦਰਤ ਦੀਆਂ ਨਿਆਮਤਾਂ ਨੂੰ ਖੁਸ਼ ਹੋ ਕੇ ਮਨਾਉਣਾ, ਆਪਣੇ ਜੀਵਨ ਨਾਲ ਜੋੜ ਕੇ ਰੱਖਣਾ, ਕੁਦਰਤ ਦਾ ਧੰਨਵਾਦ ਕਰਨਾ ਹੀ ਹੈ। ਉਸ ਧੰਨਵਾਦ ਤੇ, ਉਹ ਪਰਮ ਪਿਤਾ ਪ੍ਰਮਾਤਮਾ ਵੀ ਖੁਸ਼ ਹੁੰਦਾ ਹੈ। ਫਿਰ ਝੜੀਆਂ ਵੀ ਲੱਗਦੀਆਂ ਹਨ ਤੇ ਖੁਸ਼ੀਆਂ ਖੇੜਿਆਂ ਵਿਚ ਅਥਾਹ ਵਾਧਾ ਹੁੰਦਾ ਹੈ।

ਸ਼ੁਧ ਵਾਤਾਵਰਣ ਵਿਚ ਜਿਉਣ ਲਈ ਅਗਲੀਆਂ ਪੀੜ੍ਹੀਆਂ ਨੂੰ ਖੁਸ਼ਹਾਲ ਜ਼ਿੰਦਗੀ ਜਿਉਣ ਲਈ ਮੌਕੇ ਪ੍ਰਦਾਨ ਕਰਨ ਲਈ ਇਹ ਸਭ ਕੁਝ ਕਾਇਮ ਰੱਖਣ ਲਈ ਉਪਰਾਲੇ ਕਰਨੇ ਬਹੁਤ ਜ਼ਰੂਰੀ ਹਨ।

**ਕਹਾਣੀ**

# ਵਿਲਕਦਾ ਬਚਪਨ

**ਹਰਸਿਮਰਨ ਕੌਰ**

ਸ਼ਹਿਰ ਤੋਂ ਬਾਹਰ ਮੜ੍ਹੀਆਂ ਦੇ ਨੇੜੇ ਕੋਈ 15 ਕੁ ਝੁੱਗੀਆਂ ਸਨ, ਝੁੱਗੀਆਂ ਦੀ ਹਾਲਤ ਠੀਕ ਨਹੀਂ ਸੀ। ਸੱਤ-ਅੱਠ ਝੁੱਗੀਆਂ ਤਾਂ ਟੁੱਟੇ ਹੋਏ ਬਾਂਸਾਂ ਨੂੰ ਕੱਪੜੇ ਤੇ ਰੱਸੀਆਂ ਨਾਲ ਜੋੜ ਕੇ, ਖੜ੍ਹਾ ਕਰਕੇ ਬਸ ਉਪਰ ਤਰਪਾਲਾਂ ਗਿਰਾਈਆਂ ਹੋਈਆਂ ਸਨ। ਤਰਪਾਲਾਂ ਵੀ ਜਿਸ ਤਰ੍ਹਾਂ ਮਿਉਂਸੀਪਲ ਕਮੇਟੀ ਦੇ ਕੂੜੇ ਦੇ ਢੋਲਾਂ ਵਿੱਚੋਂ ਕੱਢੀਆਂ ਹੋਣ। ਮਗੋਰਿਆਂ ਵਾਲੀਆਂ ਇੱਕ ਦੇ ਉਤੇ ਦੂਜੀ, ਜੋ ਛੱਤਾਂ ਪਰਾਲੀ ਪਾ ਕੇ ਬਣਾਈਆਂ ਹੋਈਆਂ ਸਨ ਉਹ ਮੀਂਹ ਨੂੰ ਨਹੀਂ ਸੀ ਸਹਾਰ ਦੀਆਂ, ਛੱਤਾਂ ਵਿੱਚੋਂ ਪਰਨਾਲੇ ਝੁੱਗੀਆਂ ਵਿੱਚ ਡਿੱਗਦੇ ਸੀ ਕਿਸੇ ਝੁੱਗੀ ਵਿੱਚ ਚਾਰ, ਕਿਸੇ ਵਿੱਚ ਪੰਜ ਤੇ ਕਿਸੇ ਵਿੱਚ ਦੋ ਕੁ ਹੀ ਜੀਅ ਰਹਿੰਦੇ ਸੀ, ਕੁਝ ਦੀ ਰਾਤ ਦੀ ਨੌਕਰੀ ਹੋਣ ਕਰਕੇ ਦਿਨੇ ਦੋ ਚਾਰ ਘੰਟੇ ਆ ਕੇ ਪਿੱਠ ਨੂੰ ਆਰਾਮ ਦੇ ਲੈਂਦੇ ਸੀ। ਸੌਂਣ ਯਾ ਆਰਾਮ ਕਰਨ ਲਈ ਮੰਜੇ ਤੋਂ ਵਾਂਝੇ ਸਨ, ਬਸ ਝੌਂਪੜੀਆਂ ਦੇ ਫ਼ਰਸ਼ ਤੇ ਕਾਗਜ਼ ਤੇ ਘਾਹ ਫੂਸ ਪਾ ਕੇ ਫਟੀ ਚੱਦਰ ਨਾਲ ਸਰਦੀ ਦੀ ਆਂਵਦ ਨੂੰ ਰੋਕ ਕੇ ਨੀਂਦ ਨੂੰ ਨਿਉਂਦਾ ਦਿੰਦੇ ਸਨ। ਦਿਲ ਦੀਆਂ ਸੱਧਰਾਂ ਦੀ ਕੋਈ ਪਹਿਚਾਣ ਹੀ ਨਹੀਂ ਸੀ। ਉਨ੍ਹਾਂ ਦੀ ਮੰਗ, ਢਿੱਡ ਭਰਨ ਦੀ ਤੇ ਆਪਣੇ ਨੰਗੇਜ਼ ਢੱਕਣ ਤੋਂ ਵੱਧ ਨਹੀਂ ਸੀ। ਕੁਝ ਬਿਰਧ ਵੀ ਘਰ ਦਾ ਜਾਂ ਝੌਂਪੜੀਆਂ ਦਾ ਜਿੰਦਾ ਬਣੇ ਹੋਏ ਸੀ ਤਰਸੇਵਿਆਂ ਨਾਲ ਕਦੀ-ਕਦੀ ਘਿਸਰਦੇ ਝੁੱਗੀ ਦੇ ਪ੍ਰਵੇਸ਼ ਤੱਕ ਜਾਂਦੇ-ਟੇਡੇ ਮੇਡੇ ਹੋ ਕੇ, ਝੁੱਕ ਕੇ ਗਲੀ ਦੀ ਸੜਕ ਨੂੰ ਵੇਖ ਕੇ ਜਦੋਂ ਕੁਝ ਨਾ ਦਿਖਦਾ ਤਾਂ ਅੱਖਾਂ ਮਲ ਕੇ ਪੂਰੀ ਤਰ੍ਹਾਂ ਉਨ੍ਹਾਂ ਨੂੰ ਫਾੜ-ਫਾੜ ਕੇ ਕਿਸੇ ਆਪਣੇ ਨੂੰ ਟੁੱਕਰ ਲਈ ਨੀਝ ਲਾ ਕੇ ਉਡੀਕਦੇ, ਹਾਵਿਆਂ ਨਾਲ ਥੋਹੜੀ ਦੇਰ ਬਾਅਦ ਮੁੜ ਕੇ ਆਪਣੀ ਓੜ੍ਹਨੀ ਨੂੰ ਅੱਧਾ ਹੇਠਾਂ ਤੇ ਅੱਧੀ ਉਪਰ ਖਿੱਚ ਧੂ ਕੇ ਆਪ ਸੁੰਗੜ ਕੇ ਪੈ ਜਾਂਦੇ। ਪੇਟ ਦੀ ਭੁੱਖ ਜ਼ਿਆਦਾ ਸਤਾਂਦੀ ਤੇ ਰਜੇਵਾਂ ਤਾਂ ਦੋ ਕੁ ਘੰਟਿਆਂ ਦਾ ਹੀ ਮਹਿਮਾਨ ਬਣ ਕੇ ਆਉਂਦਾ ਸੀ। ਜਿਵੇਂ ਝੌਂਪੜੀਆਂ ਦੇ ਰਸਤੇ ਬਿਨਾ ਨਾਲੀਆਂ ਤੋਂ ਚਿੱਕੜ ਤੇ ਬਦਬੋ ਨਾਲ ਭਰਪੂਰ ਸਨ ਉਸ ਤਰ੍ਹਾਂ ਇੰਨ੍ਹਾਂ ਬਿਰਧਾਂ ਦੇ ਸਾਹ ਵੀ ਗਿਣਵੀਆਂ ਘੜੀਆਂ ਦੇ ਮਹਿਮਾਨ ਸਨ। ਨੇੜੇ ਹੀ ਦੋ ਕੁ ਵੱਡੇ ਪਿੱਪਲ ਸਨ ਜੋ ਬੇ ਨਾਮ ਲੋਕਾਂ ਦਾ ਦੋਸਤਾਨਾ ਨਿਭਾਂਦੇ ਸੀ। ਕੁਝ ਬੇ-ਘਰੇ ਇਨ੍ਹਾਂ ਦੇ ਹੇਠਾਂ ਹੀ ਜੀਵਨ ਬਸਰ ਕਰਦੇ ਸੀ। 25 ਕੁ ਗਜ਼ ਦੀ ਦੂਰੀ ਤੇ ਇਕ ਕਲੋਨੀ ਵੀ ਸੀ। ਉਥੇ ਅਮੀਰਜਾਦੇ ਤਾਂ ਨਹੀਂ ਰਹਿ ਸਕਦੇ ਪਰ ਮੱਧਵਰਗੀ ਤੋਂ ਵੀ ਕੁਝ ਨੀਵੇਂ ਲੋਕ ਛੋਟੇ-ਛੋਟੇ ਕੱਚੇ ਮਕਾਨਾਂ ਵਿੱਚ ਰਹਿੰਦੇ ਸੀ।

ਇਸ ਕਲੋਨੀ ਵਿੱਚ ਇੱਕ ਪੰਜਵੀਂ ਤੱਕ ਦਾ ਸਕੂਲ ਸੀ ਪਰ ਇਸ ਸਕੂਲ ਵਿੱਚ ਝੌਂਪੜੀਆਂ ਦੇ ਬੱਚਿਆਂ ਵਿੱਚੋਂ ਇਕ ਹੀ ਬੱਚਾ ਸਕੂਲ ਜਾਂਦਾ ਸੀ। ਇਕ ਦਿਨ ਸਕੂਲੋਂ ਆ ਕੇ ਆਪਣੀ ਮਾਂ ਨੂੰ ਆਖਣ ਲੱਗਾ ਮਾਂ ਅੱਜ ਦੋ ਭੈਣਜੀ ਮੇਰੇ ਵੱਲ ਦੇਖ ਕੇ ਬੋਲੀਆਂ ਇਹ ਕੱਲ੍ਹ ਦਾ ਬਾ...ਪ ਹੈ... ਰਾਅਟਰ (ਰਾਸ਼ਟਰ) ਦਾ ਬਜ਼ੀਰ (ਵਜ਼ੀਰ) ਭੈਣ... ਜੀਆਂ ਬੋਲ... ਦੀਆਂ ਸੀ। ਇਹ ਆਖ ਕੇ ਮਾਂ ਜੋ ਪੂਰੇ ਧਿਆਨ ਨਾਲ ਆਪਣੇ ਫੱਟੇ ਟਾਕੀਆਂ ਵਾਲੇ ਲੀੜੇ ਕੰਧੂਈ ਸੂਈ ਨਾਲ ਸੜੋਪੇ ਜਾਂ ਲਗਾਕੇ ਸੀ ਰਹੀ ਸੀ ਉਸ ਵੱਲ ਦੇਖਦਾ ਰਿਹਾ... ਮਾਂ ਬੋਲੋ ਵੀ ਕੀ ...? ਇਹ ਸ਼ਬਦ ਉਸ ਦੀ ਸਮਝ ਤੋਂ ਬਾਹਰ ਹੀ ਸੀ.. ਇਸ ਨੂੰ ਭਾਵ ਨੋਨੂੰ ਨੂੰ ਹਾੜੇ ਕੱਢ ਕੇ ਲੋਕਾਂ ਦਾ ਨਿੱਤ ਤੋਂ ਵੱਧ ਕੰਮ ਕਰਕੇ ਸਕੂਲ ਭੇਜਣ ਦਾ ਕੋਈ ਚਾਅ ਜਾਂ ਰੀਸ ਹੀ ਪੂਰੀ ਕੀਤੀ ਸੀ। ਉਸ ਨੇ ਤਾਂ ਆਪਣੇ ਫਟੇ ਕੱਪੜੇ ਸੀ ਕੇ ਕੁਝ ਨੰਗੇਜ਼ ਢੱਕ ਕੇ ਸਾਹਮਣੀ ਵਾਲੀ ਕਲੋਨੀ ਵਿੱਚ ਨਿੱਤ ਦੀ ਤਰ੍ਹਾਂ ਭਾਂਡੇ ਮਾਂਜਣ, ਪੋਚੇ ਲਾਣੇ, ਕੱਪੜੇ ਧੋਣੇ ਤੇ ਕਿਸੇ ਬਿਮਾਰ ਬਜ਼ੁਰਗ ਦਾ ਦੱਸਿਆ ਕੰਮ ਕਰਨਾ। ਬਸ ਇਨ੍ਹਾਂ ਲੋਕਾਂ ਦੇ ਬੱਚਿਆਂ ਨੂੰ ਤਿਆਰ ਹੁੰਦੇ ਸਕੂਲ ਜਾਂਦੇ ਵੇਖ ਕੇ ਇਨ੍ਹਾਂ ਦੇ ਹੀ ਤਰਲੇ ਕਰਕੇ ਨੋਨੂ ਨੂੰ ਛੇ-ਸੱਤ ਮਹੀਨੇ ਪਹਿਲਾਂ ਸਕੂਲ ਭੇਜਣ ਲਾਇਆ ਸੀ। ਇਨ੍ਹਾਂ ਹੀ ਘਰਾਂ ਵਿੱਚੋਂ ਨੋਨੂ ਨੂੰ ਉਤਾਰ ਕੱਪੜੇ ਕਾਇਦਾ ਸਲੇਟ ਆਦਿ ਮਿਲ ਹੀ ਜਾਂਦੀ ਸੀ। ਨੋਨੂੰ ਅੱਠ ਕੁ ਵਰ੍ਹਿਆਂ ਦਾ ਸੀ। ਉਸ ਨੂੰ ਮਾਂ ਦੇ ਕੰਮ ਕਿੱਤਿਆਂ ਦੀ ਥਕਾਵਟ ਦਾ ਅਹਿਸਾਸ ਹੁੰਦਾ ਸੀ। ਉਸ ਦੇ ਆਉਣ ਤੋਂ ਪਹਿਲਾਂ ਜੂਠੇ ਗਲਾਸ ਕੌਲੀਆਂ ਨਿੱਕੇ-ਨਿੱਕੇ ਹੱਥਾਂ ਨਾਲ ਸਾਫ਼ ਕਰਕੇ ਸਟੋਵ ਕੋਲ ਟਿਕਾ ਦਿੰਦਾ ਸੀ। ਝੁੱਗੀ ਦੀ ਥੋਹੜੀ ਜਗ੍ਹਾ ਨੂੰ ਵੀ ਕਿਸੇ ਕਾਗਜ਼ ਟੁੱਟੇ ਹੋਏ ਝਾੜੂ ਨੂੰ ਲੱਭ ਕੇ ਸਾਫ਼ ਕਰ ਦਿੰਦਾ ਸੀ। ਜਦੋਂ ਸਕੂਲ ਛੁੱਟੀ ਹੁੰਦੀ ਸੀ ਤਾਂ ਮਾਂ ਨੂੰ ਆਖਣਾ 'ਨਿਕੜੀ ਨਾਲ ਮੈਂ ਖੇਡਾਂਗਾ ਇਸ ਨੂੰ ਇੱਥੇ ਹੀ ਬਿਠਾ ਜਾ", ਕੰਮ ਵਾਲੇ ਘਰ ਦੂਰ ਨਹੀਂ ਸੀ ਜ਼ਿਆਦਾ। ਇਸ ਕਰਕੇ ਇਕ ਘਰ ਕਰਨ ਤੋਂ ਬਾਅਦ ਮਾਂ ਘਰ ਆ ਕੇ ਮਿਲੀ ਬਾਸੀ-ਤਾਜ਼ੀ ਰੋਟੀ ਇਨ੍ਹਾਂ ਨੂੰ ਖਲਾ ਵੀ ਜਾਂਦੀ ਤੇ ਵੇਖ ਵੀ ਜਾਂਦੀ।

ਇਕ ਦਿਨ ਅੰਤਾਂ ਦੀ ਸਰਦੀ ਵਿੱਚ ਮੋਹਲੇਧਾਰ ਮੀਂਹ ਕੀ ਪਿਆ ਕਿ ਨੋਨੂੰ ਦੀ ਮਾਂ ਦਾ ਅਜਿਹਾ ਪੈਰ ਫਿਸਲਿਆ ਕਿ ਲੱਤ ਹੀ ਟੁੱਟ ਗਈ। ਕਿਤੇ ਵੀ ਕੰਮ ਕਰਨ ਜਾ ਨਹੀਂ ਸੀ ਸਕਦੀ, ਤਿੰਨੋ ਜਣੇ ਰੋਟੀ ਤੋਂ ਮੁਹਤਾਜ ਹੋ ਗਏ। ਨੋਨੂੰ ਚਾਰ ਕੁ ਦਿਨ ਤਾਂ ਕੰਮ ਵਾਲੇ ਘਰਾਂ ਵਿੱਚੋਂ ਮਾਂ ਦੀ ਲੱਤ ਬਾਰੇ ਦੱਸ ਕੇ ਤੇ ਕੁਝ ਆਪਣੀ ਅਕਲ ਅਨੁਸਾਰ ਉਨ੍ਹਾਂ ਦਾ ਕੰਮ ਕਰਕੇ ਰੋਟੀ ਲੈ ਆਉਂਦਾ, ਪਰ ਪੜ੍ਹਾਈ ਛੱਡਣੀ ਪਈ ਤੇ ਕਿਸੇ ਦੇ ਘਰ ਨੌਕਰ ਜਾ ਲੱਗਿਆ। ਉਥੇ ਉਸ ਵਾਸਤੇ ਦਿਨ ਤੇ ਰਾਤ ਦਾ ਕੋਈ ਫ਼ਰਕ ਨਹੀਂ ਸੀ। ਕਿਸੇ ਵੀ ਸਮੇਂ ਆਵਾਜ਼ ਆਉਣ ਤੇ ਕੰਮ ਕਰਨਾ ਹੀ ਹੁੰਦਾ ਸੀ। ਸਵੇਰੇ ਸ਼ਾਮ ਮਾਂ ਨੂੰ ਤੇ ਨਿਕੜੀ ਨੂੰ ਰੋਟੀ ਦੇਣੀ ਹੀ ਬਸ ਉਸ ਦੀ ਤਨਖ਼ਾਹ ਸੀ।

ਦਸ ਦਿਨਾਂ ਬਾਅਦ ਹੋਰ ਘਰ ਬਦਲਿਆ। ਉਥੇ ਤਨਖ਼ਾਹ ਤੋਂ ਜ਼ਿਆਦਾ ਗਾਲ੍ਹਾਂ ਤੇ ਮਾਰ ਹੀ ਸੀ। ਫਿਰ ਵੀ ਉਸ ਨੇ ਵੱਖ-ਵੱਖ ਘਰਾਂ ਵਿੱਚ, ਕਦੀ ਛੋਟੀ ਦੁਕਾਨ ਤੇ ਹਲਵਾਈ ਦੇ ਭਾਂਡੇ ਮਾਂਜਣ ਤੇ ਚਾਰ ਮਹੀਨੇ ਕੱਢ ਹੀ ਦਿੱਤੇ ਤੇ ਮਾਂ ਦੀ ਲੱਤ ਠੀਕ ਹੋਈ। ਉਸ ਫਿਰ ਆਪਣਾ ਕੰਮ ਸਾਂਭਿਆ ਤੇ ਨੋਨੂੰ ਸਕੂਲ ਦੀ ਬਾਬਤ ਸੋਚਣ ਲੱਗਾ। ਪਤਾ ਨਹੀਂ ਘਰੋਂ ਨਿਕਲਿਆ ਬਾਪ ਚਾਰ ਸਾਲ ਬਾਅਦ ਕਿਵੇਂ ਇਨ੍ਹਾਂ ਨੂੰ ਲੱਭਦਾ ਝੁੱਗੀ ਵਿੱਚ ਪਹੁੰਚ ਗਿਆ। ਨਸ਼ੇ ਦੀ ਲੱਤ ਵਿੱਚ ਚੂਰ, ਬਾਪ ਬਣ ਕੇ ਨਹੀਂ ਇਕ ਮੰਗਤਾ ਬਣ ਕੇ ਘਰ ਆਇਆ। ਪੈਸਿਆਂ ਪਿੱਛੇ ਨਸ਼ੇ ਪਿੱਛੇ ਮਾਂ ਬਾਪ ਵਿੱਚ ਤੂੰ-ਤੂੰ ਤੇ ਨਿੱਤ ਹੱਥਾ ਪਾਈ ਹੋਇਆ ਕਰੇ। ਨੋਨੂੰ ਇਕ ਦਿਨ ਮਾਂ ਦਾ ਦੁੱਖ ਨਾ ਸਹਿਣ ਕਰਦਾ ਹੋਇਆ ਬਾਪ ਨੂੰ ਧੱਕਾ ਦੇ ਰਿਹਾ ਸੀ। ਜਦੋਂ ਕਿ ਬਾਪ ਨੇ ਬਾਂਹ ਤੋਂ ਪਕੜ ਕੇ ਘਸੀਟ ਕੇ ਝੌਂਪੜੀਆਂ ਤੋਂ ਦੂਰ ਲਜਾ ਕੇ ਇਕ ਤਰ੍ਹਾਂ ਉਸ ਨੂੰ ਸੁੱਟ ਹੀ ਦਿੱਤਾ।

ਨੇੜੇ ਦੇ ਬਸ ਸਟੈਂਡ ਤੇ ਸੁੱਟਿਆ ਭੋਜਨ ਖਾ ਕੇ ਗੁਜ਼ਾਰਾ ਕਰਨਾ ਰਾਤ ਨੂੰ ਕਿਸੀ ਕੰਧ ਨਾਲ ਲੱਗ ਕੇ ਅੱਖਾਂ ਮੀਟਣੀਆ ਕਦੀ ਰੋਵੇ ਕਦੀ ਕੰਮ ਲੱਭੇ। ਦੋ ਚਾਰ ਦਿਨਾਂ ਬਾਅਦ ਇਕ ਦੁਕਾਨਦਾਰ ਕੋਲ ਜਾ ਕੇ ਕੰਮ ਤਾਂ ਕੀ ਮੰਗਣਾ ਸੀ, ਸਿਸਕੀਆਂ ਨਾਲ ਰੋਣ ਲੱਗ ਪਿਆ। ਉਸ ਨੇ ਤਿੰਨ ਚਾਰ ਦਿਨ ਦੁਕਾਨ ਤੇ ਹੀ ਕੰਮ ਕਰਵਾ ਕੇ ਨੋਨੂੰ ਨੂੰ ਜਾਂਚਿਆ ਤੇ ਫਿਰ ਆਪਣੇ ਘਰ ਲੈ ਗਿਆ। ਨੋਨੂੰ ਕਮਰਿਆਂ ਦੀ ਸਫਾਈ ਕਰਨ ਤੋਂ ਬਾਅਦ ਜਦੋਂ ਬਾਹਰ ਬਰਾਮਦੇ ਵਿੱਚ ਆਇਆ ਤਾਂ ਵੇਖਿਆ ਇਕ ਬਹੁਤ ਵੱਡਾ ਪਿੰਜਰਾ ਹੈ। ਉਸ ਵਿੱਚ ਸਫੈਦ ਚੂਹੇ ਹੀ ਚੂਹੇ ਹਨ। ਉਸ ਨੂੰ ਬੜਾ ਅਜੀਬ ਵੀ ਲੱਗਿਆ ਕਿਉਂਕਿ ਇੰਨੀ ਤਾਦਾਦ ਵਿੱਚ ਕਦੇ ਨਹੀਂ ਵੇਖੇ ਸੀ। ਪਰ ਜਦੋਂ ਇਹ ਬਿਹਾਰ ਦੇ ਇਕ ਪਿੰਡ ਵਿੱਚ ਕਹਿੰਦੇ ਸੀ ਜੋ ਹਰ ਤਰ੍ਹਾਂ ਨਾਲ ਛੇਕਿਆ ਹੋਇਆ ਸੀ। ਖਾਣ ਨੂੰ ਕੁਝ ਲੱਭਦਾ ਨਹੀਂ ਸੀ ਤਾਂ ਮਾਂ ਨੇ ਜਦੋਂ ਕੋਈ ਚੂਹਾ ਵੇਖਣਾ ਤਾਂ ਚਿਮਟੇ ਨਾਲ ਪਕੜ ਕੇ ਅੱਗ ਵਿੱਚ ਸੁਟਣਾ ਕੱਚਾ ਪੱਕਾ ਭੁੰਨ ਕੇ ਬੱਚਿਆਂ ਨੂੰ ਖਲਾ ਦੇਣਾ। ਨੋਨੂੰ ਇਨ੍ਹਾਂ ਚੂਹਿਆਂ ਨੂੰ ਵੇਖ ਕੇ ਡਰ ਗਿਆ। ਸੋਚੇ ਇਹ ਲੋਕ ਇੰਨੇ ਚੂਹੇ ਖਾਂਦੇ ਨੇ? ਪਰ ਡਰਿਆ ਹੋਇਆ ਕਿਸੇ ਨਾਲ ਕੋਈ ਗੱਲ ਦੀ ਸਾਂਝ ਨਹੀਂ ਸੀ ਪਾ ਸਕਦਾ। ਦੂਜਾ ਦਿਨ ਚੜ੍ਹਿਆ ਮਾਲਕ ਨੇ ਚੂਹਿਆਂ ਦੀ ਸਾਂਭ ਸੰਭਾਲ ਇਸ ਨੂੰ ਸੌਂਪੀ। ਚੂਹਿਆਂ ਦੇ ਪਿੰਜਰੇ ਨੂੰ ਸਾਫ਼ ਕਰਨਾ, ਮਰਿਆਂ ਨੂੰ ਕੱਢਣਾ, ਜ਼ਖਮ ਤੇ ਕੋਈ ਦਵਾਈ ਲਾਣੀ। ਨੋਨੂੰ ਜਿੰਦੇ ਚੂਹੇ ਨੂੰ ਹੱਥ ਲਾਂਦਾ ਡਰਦਾ ਸੀ। ਮਰੇ ਨੂੰ ਤਾਂ ਕਿਵੇਂ ਚੁੱਕਦਾ। ਕੋਲ ਬੈਠਾ ਉੱਚੀ-ਉੱਚੀ ਰੋਵੇ। ਘਰ ਛੱਡ ਕੇ ਜਾਣ ਲਈ ਬਾਹਰ ਨਿਕਲਣ ਹੀ ਲੱਗਾ ਕਿ ਮਾਲਕ ਨੇ ਸੋਟੀ ਚੁੱਕ ਕੇ ਦੱਬ ਕੇ ਮੇਜ ਤੇ ਮਾਰੀ ਆਖਿਆ ਅਗਲੀ ਸੋਟੀ ਤੇਰੀਆਂ ਲੱਤਾਂ ਤੋੜੇਗੀ। ਡਰਦਾ-ਮਰਦਾ ਕਰਦਾ ਵੀ ਕੀ...।

ਦੁਪਹਿਰ ਤੱਕ ਘਰ ਦਾ ਕੰਮ ਕਰਨਾ ਫੇਰ ਚੂਹਿਆਂ ਦੀ ਸਾਰ ਲੈਣੀ। ਬੇ-ਦਿਲੀ ਹੰਝੂ ਨੂੰ ਛੱਡ ਕੇ ਉਨ੍ਹਾਂ ਨੂੰ ਆਪਣਾ ਮਿੱਤਰ ਹੀ ਸਮਝਣ ਲੱਗਿਆ। ਉਨ੍ਹਾਂ ਨੇ ਕਿਹੜਾ ਕਿਸੇ ਗਲਤ ਵਿਵਹਾਰ ਤੋਂ ਇਸ ਨੂੰ ਗਾਲ੍ਹਾਂ ਕੱਢਣੀਆਂ ਸੀ। ਕੁੱਝ ਦਿਨਾਂ ਬਾਅਦ ਇਸ ਨੂੰ ਪਤਾ ਲੱਗਾ ਕਿ ਬਿਕਾਨੇਰ ਤੋਂ 28 ਕਿਲੋ ਮੀਟਰ ਦੀ ਦੂਰੀ ਤੇ 'ਕਰਨੀ ਮਾਤਾ' ਦੇ ਮੰਦਿਰ ਵਿੱਚ ਇਹ ਚੂਹੇ ਪਹਿਲਾਂ ਚੜ੍ਹੇ ਲੱਡੂ ਖਾਂਦੇ ਨੇ ਤੇ ਫੇਰ ਓਹੋ ਲੱਡੂ ਸ਼ਰਧਾਲੂਆਂ ਵਿੱਚ ਵੰਡੇ ਜਾਂਦੇ ਨੇ। ਸੋਚੇ ਕਿ ਮਾਂ ਪਤਾ ਇਨ੍ਹਾਂ ਨੂੰ ਕੱਚੇ ਪੱਕੇ ਅੱਗ ਵਿੱਚ ਸੇਕ ਕੇ ਖਿਲਾ ਦਿੰਦੀ ਸੀ, ਮੈਨੂੰ। ਉਥੇ ਇਨ੍ਹਾਂ ਦੇ ਮੂੰਹ ਲੱਗਿਆ ਲੱਡੂ ਕਰਨੀ ਮਾਤਾ ਮੰਦਿਰ ਦੇ ਸ਼ਰਧਾਲੂ ਖਾਂਦੇ ਨੇ, ਛੋਟਾ ਸੀ ਹਰ ਗੱਲ ਥੋੜ੍ਹੀ ਦੇਰ ਸੋਚਦਾ ਭੁੱਲ ਜਾਂਦਾ ਤੇ ਸੋਚਣ ਲਈ ਕੋਈ ਸਮਾਂ ਵੀ ਨਹੀਂ ਸੀ ਹੁੰਦਾ। ਇਕ ਕੰਮ ਤੋਂ ਬਾਅਦ ਦੂਸਰਾ ਤਿਆਰ ਹੀ ਕਰਨ ਲਈ ਹੁੰਦਾ ਸੀ। ਇਸ ਤਰ੍ਹਾਂ ਹੀ ਮਹੀਨਾ ਕੁ ਲੰਘਿਆ। ਇਸ ਦਾ ਕੰਮ ਵੇਖ ਕੇ ਮਾਲਕ ਨੂੰ ਨੋਨੂੰ ਤੇ ਕੁਝ ਭਰੋਸਾ ਹੋਇਆ ਅਤੇ ਆਖਿਆ ਕਿ ਬਾਹਰ ਵੇਹੜੇ ਵਿੱਚ ਜੋ ਬੱਚੇ ਖੇਡ ਕੇ ਖਿਲਾਰੇ ਪਾਉਂਦੇ ਨੇ ਉਸ ਨੂੰ ਹਰ ਰੋਜ਼ ਸਾਫ਼ ਕਰਿਆ ਕਰ, ਚਾਰ ਦਿਵਾਰੀ ਵਿੱਚ ਡੱਕਿਆ ਗੁਲਾਮੀ ਦਾ ਜੀਵਨ ਭੋਗਦੇ ਨੂੰ ਇਹ ਕੰਮ ਕਰਨਾ ਚੰਗਾ ਲੱਗਿਆ। ਹੌਲੀ-ਹੌਲੀ ਕੁਝ ਬੱਚਿਆਂ ਨੂੰ ਜਾਨਣ ਲੱਗਿਆ ਤੇ ਕਿੰਨੀ ਵਾਰੀ ਮੰਜੇ ਤੋਂ ਘਰ ਦੇ ਬੱਚੇ ਦੀ ਸਲੇਟ ਕਿਤਾਬ ਪਈ ਚੁੱਕਿਆ ਕਰੇ ਖੋਲ ਕੇ ਵੇਖੇ ਬਸ ਗਿਣਤੀ ਦੇ ਹਿੰਦਸੇ ਹੀ ਪਹਿਚਾਣ ਸਕੇ। ਸਕੂਲ ਵਿੱਚ ਇਸ ਨੂੰ ਹਿੰਦੀ ਦੇ ਅੱਖਰਾਂ ਦੀ ਵੀ ਪਹਿਚਾਨ ਹੋ ਗਈ ਸੀ ਭਾਵੇਂ ਜੁੜਵੇਂ ਅੱਖਰ ਘੱਟ ਹੀ ਪੜ੍ਹ ਸਕਦਾ ਸੀ, ਹਰ ਰੋਜ਼ ਆਪਣੀਆਂ ਹੱਡੀਆਂ ਸਰੀਰ ਦੀ ਥਕਾਵਟ ਦੀ ਨਾ ਪ੍ਰਵਾਹ ਕਰਦੇ ਤਾਂ ਉਨ੍ਹਾਂ ਕੋਲ ਇਕ ਪਾਸੇ ਜਹੇ ਹੋ ਕੇ ਵੇਖਣਾ। ਉਨ੍ਹਾਂ ਬੱਚਿਆਂ ਵਿੱਚ ਇਕ ਬੱਚਾ ਬਸ ਕੁਰਸੀ ਤੇ ਬੈਠਦਾ ਸੀ ਉਸ ਦੀ ਲੱਤ ਖਰਾਬ ਸੀ। ਤੁਰ ਫਿਰ ਨਹੀਂ ਸੀ ਸਕਦਾ ਪਰ ਕੁੱਝ ਖੇਡ ਦੇ ਬੱਚਿਆ ਨੂੰ ਵੇਖਦੇ ਤੇ ਕੁੱਝ ਪੜ੍ਹਦੇ ਵੀ ਰਹਿਣ। ਨੋਨੂੰ ਹੌਲੀ-ਹੌਲੀ ਉਸ ਕੋਲ ਪਹੁੰਚਣ ਲੱਗਾ। ਉਸ ਦੀਆਂ ਗਿਰੀਆਂ ਚੀਜ਼ਾਂ ਚੁੱਕ ਕੇ ਦੇਣੀਆਂ ਜੋ ਉਸ ਆਖਣਾ ਉਹ ਕੰਮ ਵੀ ਕਰ ਦੇਣਾ। ਕੁਝ ਦਿਨਾਂ ਬਾਅਦ ਉਹੋ ਬੱਚਾ 'ਰਾਜ' ਉਸ ਵਾਸਤੇ ਹਿੰਦੀ ਦਾ ਕਾਇਦਾ ਲਿਆਇਆ ਤੇ ਪੜ੍ਹਾ ਵੀ ਦਿੰਦਾ ਸੀ। ਨੋਨੂੰ ਦੇ ਬਾਹਰ ਨਿਕਲਣ ਤੇ ਜੋ ਬਾਹਰਲੇ ਲੋਕ ਕਿਸੇ ਕੰਮ ਲਈ ਘਰ ਆਉਂਦੇ ਸਨ ਉਨ੍ਹਾਂ ਦੀ ਇਸ ਨੂੰ ਪਹਿਚਾਣ ਹੋਣ ਲੱਗੀ। ਹੌਲੀ-ਹੌਲੀ ਪਤਾ ਲੱਗਾ ਕਿ ਲੋਕ ਇਥੋਂ ਚੂਹੇ ਖਰੀਦ ਕੇ ਵੀ ਲੈ ਕੇ ਜਾਂਦੇ ਨੇ। ਇਸ ਤਰ੍ਹਾਂ ਜਦੋਂ ਮਾਲਕ ਨਾ ਹੋਇਆ ਕਰੇ ਉਨ੍ਹਾਂ ਦੇ ਫੋਨ ਨੰਬਰ ਘਰ ਦਾ ਪਤਾ ਕਾਗਜ਼ ਤੇ ਲਿਖਵਾ ਲਿਆ ਕਰੇ।

ਪਤਾ ਨਹੀਂ ਚੂਹਿਆਂ ਵਿੱਚ ਕੀ ਬਿਮਾਰੀ ਫੈਲੀ ਇਕੱਠੇ ਹੀ ਵੀਹ ਪੱਚੀ ਚੂਹੇ ਪਿੰਜਰੇ ਵਿੱਚ ਮਰ ਗਏ। ਸਾਰਾ ਘਰ ਗੰਦੀ ਹਵਾ ਨਾਲ (ਬਦਬੋ) ਭਰ ਗਿਆ। ਨੋਨੂੰ ਦਾ ਕੰਮ ਵਧਿਆ। ਉਸ ਨੂੰ ਠੀਕ ਦੇਖਭਾਲ ਨਾ ਕਰਨ ਲਈ ਮਾਰ ਵੀ ਅੰਤਾਂ ਦੀ ਪਈ ਅਤੇ "ਆਖਿਆ ਥੋਹੜੀ ਜਿਹੀ ਸ਼ਾਮ ਢਲਣ ਤੇ ਭਾਵ ਰਾਤ ਹੁੰਦੇ ਹੀ ਇਨ੍ਹਾਂ ਨੂੰ ਮਰਿਆਂ ਨੂੰ ਸੁੱਟ ਕੇ ਆਉਣਾ ਹੈ।" ਇਨ੍ਹਾਂ ਮਰਿਆਂ ਚੂਹਿਆਂ ਨੂੰ ਸੁੱਟ ਕੇ ਆਉਣਾ ਦਸ ਕੁ ਮਿੰਟਾਂ ਦਾ ਕੰਮ ਸੀ। ਨੋਨੂੰ ਹਿਚਕੀਆਂ ਲੈਂਦਾ ਹੰਝੂ ਵਹਾਦਾਂ ਲੱਤ ਤੇ ਪਿੱਠ ਸੋਟੀਆਂ ਦੀ ਮਾਰ ਕਾਰਨ ਅੱਧ ਮੋਇਆ ਹੋਇਆ ਸੀ। ਕਦਮ ਚੁੱਕੇ ਨਾ ਜਾਣ ਤੇ ਬੈਲੇ

ਵਿੱਚ 25 ਚੂਹਿਆਂ ਦੀਆਂ ਲਾਸ਼ਾਂ ... ਘਰ 'ਚੋਂ ਨਿਕਲਦੇ ਇਕ ਕਿਤਾਬ ਦੇ ਹੇਠਾਂ ਇਕ ਨੋਟ ਜੋ ਅੱਧਾ ਕੁ ਪਿਆ ਵਿਖਾਈ ਦਿੱਤਾ ਆਪਣੇ ਆਲੇ ਦੁਆਲੇ ਵੇਖਦੇ ਕਿ ਕੋਈ ਹੈ ਤਾਂ ਨਹੀਂ ਚੁੱਕ ਕੇ ਜੇਬ ਵਿੱਚ ਪਾਇਆ। ਘਰ ਹਾਲੇ ਚੂਹੇ ਮਰਨ ਦੀ ਜਗ੍ਹਾ ਤੋਂ ਅੱਧਾ ਕੁ ਰਸਤਾ ਹੀ ਤੈਅ ਕੀਤਾ ਸੀ ਦੂਰੋਂ ਇਕ ਥ੍ਰੀ ਵੀਲਰ ਆਉਂਦਾ ਵਿਖਾਈ ਦਿੱਤਾ। ਇਕ ਪੱਥਰ ਦੀ ਓਟ ਵਿੱਚ ਚੂਹੇ ਦੇ ਥੈਲੇ ਨੂੰ ਰੱਖ ਕੇ ਥ੍ਰੀ ਵੀਲਰ ਨੂੰ ਇਕ ਮੰਦਰ ਜਾਣ ਲਈ ਕਿਹਾ। ਉਸ ਮੰਦਿਰ ਕੋਲ ਹੀ ਬਸ ਸਟੈਂਡ ਸੀ ਬਸ ਸਟੈਂਡ ਤੇ ਜਾ ਕੇ ਬਿਨਾਂ ਦੇਖੇ ਬਸ ਵਿੱਚ ਚੜ੍ਹ ਗਿਆ। ਥੋੜ੍ਹੀ ਹੀ ਦੂਰੀ ਤੋਂ ਉਤਰ ਕੇ ਉਥੇ ਰਾਤ ਗੁਜ਼ਾਰੀ। ਗਰਮੀਆਂ ਦੇ ਦਿਨ ਹੀ ਸਨ। ਦੂਜੇ ਦਿਨ ਮਾਂ ਬਾਪ ਵਾਲੀ ਝੌਂਪੜੀ ਕੋਲ ਪਹੁੰਚਿਆ। ਉਥੇ ਕੋਈ ਨਹੀਂ ਸੀ। ਪੁੱਛਿਆ ਇੱਧਰ ਉਧਰ ਵੇਖਿਆ ਕਿਸੇ ਨੇ ਦੱਸਿਆ ਬਾਪ ਨੇ ਅਜਿਹਾ ਨਸ਼ਾ ਕੀਤਾ ਕਿ ਉਹ ਦੁਨੀਆ ਤੋਂ ਚਲਾ ਗਿਆ ਤੇ ਮਾਂ ਤੇ ਨਿਕੜੀ (ਭੈਣ) ਨੂੰ ਕਿਸੇ ਨੇ ਕਿਸੇ ਬਿਰਧ ਘਰ ਵਿੱਚ ਕੰਮ ਕਰਨ ਲਈ ਲਗਾ ਦਿੱਤਾ। ਨੋਨੂੰ ਦੋ ਘੰਟੇ ਕੋਈ ਮਜ਼ਬੂਰੀ ਕਰਕੇ ਕਦੀ ਜੂਠਾ ਸੁੱਟਿਆ ਹੀ ਖਾ ਕੇ ਸਾਰਾ ਦਿਨ ਮਾਂ ਨੂੰ ਲੱਭਦਾ-ਲੱਭਦਾ ਹਾਰ ਗਿਆ। ਉਸ ਦੇ ਦੁੱਖਾਂ ਦਾ ਸਾਥ ਨਿਭਾਉਣ ਵਾਲਾ ਕੋਈ ਨਹੀਂ ਸੀ। ਪਰ ਹਾਂ ਸਾਥ ਦੇਣ ਵਾਲੇ ਅਨੇਕ ਸਨ। ਅੱਖਾਂ 'ਚੋਂ ਵੱਗਦੇ ਹੰਝੂ, ਹਾਲੇ ਸਾਹਾਂ 'ਚ, ਮਾਰ ਦੀ ਵਛਾੜ ਦੀ ਯਾਦ, ਭੁੱਖਾ ਢਿੱਡ ਤੇ ਵਿਲਕਦਾ ਬਚਪਨ ਕੰਨਾ ਵਿੱਚ ਅਸਹਿ ਗਾਲ੍ਹਾਂ ਦੀਆਂ ਆਵਾਜ਼ਾਂ ਕਿੰਨੇ ਹੀ ਦਿਨ ਇਸ ਤਰ੍ਹਾਂ ਨਿਕਲ ਗਏ। ਜਿੱਥੇ ਵੀ ਪੇਟ ਭਰਨ ਲਈ ਕੋਈ ਕੰਮ ਕਰਦਾ ਝੁੱਗੀ ਦੀ ਯਾਦ ਨਾ ਜਾਂਦੀ। ਵੇਹਲ ਮਿਲਦੀ ਉਥੇ ਆਉਣਾ ਤੇ ਉਸ ਜਗ੍ਹਾ ਨੂੰ ਵੇਖਣਾ ਫੁੱਟ-ਫੁੱਟ ਕੇ ਰੋਣਾ।

ਇਕ ਦਿਨ ਕੋਈ ਕੰਮ ਨਾ ਮਿਲਿਆ। ਕਿਸੇ ਗੱਲੋਂ ਸ਼ਹਿਰ ਵਿੱਚ ਹੜਤਾਲ ਸੀ। ਭੁੱਖ ਢਿੱਡ ਦੀ ਸਤਾ ਰਹੀ ਸੀ। ਕੁਝ ਬਿਨਾ ਕੰਮ ਕਰੇ ਤੋਂ ਹੀ ਥਕਿਆ ਟੁੱਟਿਆ ਲੱਗ ਰਿਹਾ ਸੀ। ਫਿਰ ਝੌਂਪੜੀ ਦੇ ਨੇੜੇ ਜਿਹੇ ਆ ਕੇ ਪਿੱਪਲ ਦੇ ਦਰਖਤ ਦੇ ਹੇਠਾਂ ਗੋਡਿਆਂ 'ਚ ਸਿਰ ਦੇ ਕੇ ਮਾਂ ਨੂੰ, ਨਿਕੜੀ ਭੈਣ ਨੂੰ ਯਾਦ ਕਰ-ਕਰ ਰੋ ਰਿਹਾ ਸੀ। ਅਚਾਨਕ ਝੁਗੀ 'ਚ ਹੀ ਰਹਿੰਦਾ ਕੁਝ ਜਾਣਿਆ ਪਹਿਚਾਣਿਆ ਉਸ ਦੀ ਹੀ ਉਮਰ ਦਾ ਲੜਕਾ ਉਸ ਨੂੰ ਵੇਖ ਕੇ ਉਸ ਕੋਲ ਆ ਬੈਠਿਆ ਤੇ ਨੋਨੂੰ ਦੀ ਮਾਂ ਦਾ ਅਫਸੋਸ ਕਰਨ ਲੱਗਾ। ਨੋਨੂੰ ਨੂੰ ਬਾਪ ਮਰੇ ਦਾ ਪਤਾ ਸੀ। ਮਾਂ-ਭੈਣ ਨੂੰ ਤਾਂ ਲੱਭਦਾ ਫਿਰਦਾ ਸੀ। ਇਸ ਲਈ ਪੁੱਛਿਆ "ਕਿਸ ਦਾ ਅਫ਼ਸੋਸ ਕਰਦਾ ਪਿਆ ਏਂ?" "ਤੇਰੀ ਮਾਂ ਦਾ ਜੋ ਮਰੀ ਹੈ" ਨੋਨੂੰ ਹੈਰਾਨ ਪਰੇਸ਼ਾਨ ਹੋਇਆ ਪੁੱਛਿਆ "ਕੀ ਹੋਇਆ ਸੀ।" ਸੜਕ ਤੇ ਜਾਂਦੀ ਨੂੰ ਰੋਟੀ ਡਿੱਗੀ ਵਿਖਾਈ ਦਿੱਤੀ ਚੁੱਕਣ ਲੱਗੀ ਉਧਰੋਂ ਦੋ ਕੁੱਤੇ ਆ ਰਹੇ ਸੀ। ਉਸ ਨੇ ਹੱਥ ਵਿੱਚ ਇੱਟ ਚੁੱਕੀ ਹੀ ਸੀ ਕਿ ਦੋਵਾਂ ਨੇ ਆ ਕੇ ਲੱਤ ਤੇ ਢਿੱਡ ਵਿੱਚ ਆਪਣੇ ਦੰਦ ਖੋਭ ਦਿੱਤੇ ਲਹੂ ਲੁਹਾਣ ਹੋ ਗਈ। ਬਸ ਦੋ ਦਿਨਾਂ ਵਿੱਚ ਹੀ ਦੁਨੀਆਂ ਛੱਡ ਗਈ। ਨਿਕੜੀ ਦਾ ਕੋਈ ਪਤਾ ਨਹੀ। ਨੋਨੂੰ ਤਾਂ ਪਹਿਲਾਂ ਹੀ ਢਿੱਡੋਂ ਭੁੱਖਾ ਕੁਰਲਾ ਰਿਹਾ ਸੀ। ਸੁਣ ਕੇ ਇਕ ਦਮ ਬੇਹੋਸ਼ ਹੋ ਕੇ ਗਿਰ ਗਿਆ। ਸਾਹਮਣੇ ਤੋਂ ਕੋਈ ਆ ਰਿਹਾ ਸੀ, ਉਸ ਨੇ ਨਾਲ ਦੀ ਝੌਂਪੜੀ 'ਚੋਂ ਪਾਣੀ ਲੈ ਕੇ ਨੋਨੂੰ ਦੇ ਮੂੰਹ ਤੇ ਛਿੱਟੇ ਪਾਏ ਹੌਲੀ-ਹੌਲੀ ਅੱਖਾਂ ਮਿਚੀਆਂ ਹੋਈਆਂ ਹਾਏ ਦੋਹਾਈ ਪਾਉਂਦਾ ਉਠ ਕੇ ਬੈਠਾ। ਪਾਣੀ ਦਾ ਛਿੱਟਾ ਦੇਣ ਵਾਲੇ ਨੇ ਉਸ ਦਾ ਸਿਰ ਪਲੋਸਿਆ। ਬਾਂਹ ਪਕੜ ਕੇ ਖੜਾ ਕੀਤਾ। ਸਾਹਮਣੇ ਜਾਂਦੀ ਰਿਕਸ਼ਾ ਨੂੰ ਬੁਲਾਇਆ ਅਤੇ ਉਸ ਵਿੱਚ ਜਦੋਂ ਨੋਨੂੰ ਨੂੰ ਬੈਠਣ ਲਈ ਆਖਿਆ ਨੋਨੂੰ ਨੇ ਅੱਖ ਖੋਲ੍ਹੀ ਵੇਖਿਆ ਕਿ ਇਹ ਤਾਂ ਚੂਹਿਆਂ ਦੇ ਘਰ ਵਾਲਾ ਮਾਲਕ ਸੀ। ਨਾ ਜਾਣਾ ਚਾਹੁੰਦਾ ਵੀ ਰਿਕਸ਼ਾ ਵਿੱਚ ਬੈਠਾ ਸੋਚੇ 'ਮੇਰੀ ਦੁਨੀਆਂ ਕਿਹੋ ਜਿਹੇ ਅਣਬੋਲ, ਧਰਤੀ ਤੇ ਰੀਂਗਦੇ ਛੋਟੇ-ਛੋਟੇ ਜਾਨਵਰਾਂ ਨਾਲ ਕੱਟ ਰਹੀ ਹੈ। ਇਹ ਉਹ ਰੱਬ ਦੇ ਜੀਅ ਨੇ ਜੋ ਅਧਸੜੇ ਜਹੇ ਹੋ ਕੇ ਕਿਸੇ ਦੀ ਭੁੱਖ ਮਿਟਾਂਦੇ ਨੇ ਕਿਤੇ ਮੰਦਿਰਾਂ ਵਿੱਚ ਆਪਣਾ ਮੂੰਹ ਲਗਾ ਕੇ ਲੱਡੂਆਂ ਨੂੰ ਭੋਗ ਬਣਾਉਂਦੇ ਨੇ ਤੇ ਕਿਤੇ ਡਾਕਟਰੀ ਪੜ੍ਹਦੇ ਲੋਕਾਂ ਦੇ ਕੰਮ ਆਉਂਦੇ ਨੇ 'ਤੇ ਮੈਂ... ਮੇਰਾ ਸਮਾਂ... ਬਸ ਨਾ ਚਾਹੁੰਦੇ ਹੋਏ ਵੀ ਰੋਟੀ ਦੇ ਟੁਕਰ ਲਈ... ਨਹੀਂ ਨਹੀਂ ਮੈਂ ਗੁਲਾਮ ਨਹੀਂ। ਮੈਂ ਇਸ ਮਾਲਕ ਕੋਲ ਵੇਚਿਆ ਵੀ ਨਹੀਂ ਸੀ ਗਿਆ। ਮੈਂ ਪਰਾਏ ਦੇਸ਼ ਵਿਚ ਵੀ ਨਹੀਂ ਆਪਣੇ ਘਰ ਕੋਲ ਹੀ ਤਾਂ ਹਾਂ।' ਸੋਚ ਕੇ ਰਿਕਸ਼ਾ ਵਾਲੇ ਨੂੰ ਠਹਿਰਨ ਨੂੰ ਆਖਿਆ ਹੀ ਸੀ ਕਿ ਮਾਲਕ ਨੇ ਸਾਹਮਣੇ ਤੋਂ ਦੋ ਪੁਲਿਸ ਵਾਲੇ ਖੜੇ ਵਿਖਾਏ... ਨੋਨੂੰ ਪੁਲਿਸ ਵਾਲਿਆਂ ਦੇ ਹੱਥਾਂ ਵਿੱਚ ਸੋਟੀ ਤੇ ਹੱਥ-ਕੜੀਆਂ ਵੇਖ ਕੇ... ਮਾਲਕ ਦੇ ਨਾਲ...

● ● ●

**ਮੁੰਡਾ ਹਮੇਸ਼ਾ ਆਪਣੇ ਜੀਵਨ ਸਾਥੀ ਵਿਚ ਆਪਣੀ ਮਾਂ ਵਰਗਾ ਇਨਸਾਨ ਚਾਹੁੰਦਾ ਹੈ, ਜੋ ਉਸਨੂੰ ਆਪਣੀ ਮਾਂ ਦੀ ਤਰ੍ਹਾਂ ਪਿਆਰ ਕਰੇ ਅਤੇ ਖਿਆਲ ਰੱਖੇ। ਇਕ ਕੁੜੀ ਆਪਣਾ ਸਭ ਕੁਝ ਛੱਡ ਕੇ ਆਉਂਦੀ ਹੈ, ਇਸ ਲਈ ਆਪਣੇ ਪਿਤਾ ਵਰਗਾ ਜੀਵਨ ਸਾਥੀ ਚਾਹੁੰਦੀ ਹੈ, ਜੋ ਉਸ ਨੂੰ ਉਸ ਦੇ ਪਿਤਾ ਵਰਗਾ ਪਿਆਰ ਕਰੇ, ਉਸ ਦੀਆਂ ਜ਼ਰੂਰਤਾਂ ਨੂੰ ਸਮਝੇ, ਉਸ ਦਾ ਖਿਆਲ ਰੱਖੇ।**

# ਹੋਰ ਦੇਸੀ ਮਹੀਨਿਆਂ ਦਾ ਮਹੱਤਵ

ਜਰਨੈਲ ਸਿੰਘ ਮੱਖਣ
ਫ਼ੋਨ - 94174-03359

ਦੇਸੀ ਕੈਲੰਡਰ ਦੇ ਸਾਰੇ ਹੀ ਮਹੀਨੇ ਅਤੇ ਉਨ੍ਹਾਂ ਮਹੀਨਿਆਂ ਦੌਰਾਨ ਮਨਾਏ ਜਾਣ ਵਾਲੇ ਤਿਉਹਾਰਾਂ ਦਾ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ। ਇਹ ਵੱਖਰੀ ਗੱਲ ਹੈ ਕਿ ਪੰਜਾਬ ਦੇ ਲੋਕਾਂ ਅੰਦਰ ਮਹੀਨਾ ਵਿਸਾਖ ਵਿਸਾਖੀ ਦੇ ਤਿਉਹਾਰ ਅਤੇ ਹਾੜ੍ਹੀ ਦੀ ਫਸਲ ਕਾਰਨ ਬਹੁਤ ਜ਼ਿਆਦਾ ਮਹੱਤਵ ਰੱਖਦਾ ਹੈ। ਇਸੇ ਤਰ੍ਹਾਂ ਸਾਉਣ ਦਾ ਮਹੀਨਾ ਬਰਸਾਤਾਂ ਕਾਰਨ ਗਰਮੀ ਤੋਂ ਰਾਹਤ ਦੇਣ, ਖੇਤਾਂ ਵਿੱਚ ਹਰ ਪਾਸੇ ਹਰਿਆਲੀ ਛਾ ਜਾਣ ਕਾਰਨ ਅਤੇ ਤੀਆਂ ਦੇ ਤਿਉਹਾਰ ਕਾਰਨ ਵੱਡੇ ਮਹੱਤਵ ਦਾ ਮਾਲਕ ਹੈ। ਇਸੇ ਲਈ ਇਨ੍ਹਾਂ ਦੋਹਾਂ ਮਹੀਨਿਆਂ ਦਾ ਜ਼ਿਕਰ ਵੱਖਰੇ ਲੇਖ ਲਿਖ ਕੇ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅੱਸੂ ਦਾ ਮਹੀਨਾ ਸਾਉਣੀ ਦੀ ਫ਼ਸਲ ਘਰ ਆਉਣ ਅਤੇ ਦੁਸਹਿਰੇ ਦੇ ਤਿਉਹਾਰ ਕਾਰਨ ਪੰਜਾਬ ਦੇ ਲੋਕਾਂ ਅੰਦਰ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਦਾ ਜ਼ਿਕਰ ਇਸੇ ਲੇਖ ਅੰਦਰ ਅੱਗੇ ਚੱਲ ਕੇ ਕੀਤਾ ਜਾਵੇਗਾ। ਇਸੇ ਤਰ੍ਹਾਂ ਬਾਕੀ ਦੇਸੀ ਮਹੀਨਿਆਂ ਬਾਰੇ ਵੀ ਇਸ ਲੇਖ ਵਿੱਚ ਸੰਖੇਪ ਜ਼ਿਕਰ ਕੀਤਾ ਜਾ ਰਿਹਾ ਹੈ।

ਗੱਲ ਸ਼ੁਰੂ ਕਰਦੇ ਹਾਂ ਮਹੀਨੇ ਚੇਤਰ ਤੋਂ। ਇਹ ਮਹੀਨਾ ਦੇਸੀ ਸਾਲ ਦਾ ਪਹਿਲਾ ਮਹੀਨਾ ਮੰਨਿਆ ਜਾਂਦਾ ਹੈ। ਇਹ ਮਹੀਨਾ ਅਤਿ ਠੰਡੇ ਅਤੇ ਅਤਿ ਗਰਮ ਦੋ ਮੌਸਮਾਂ ਦਾ ਬਹੁਤ ਵਧੀਆ ਅਤੇ ਖੁਸ਼ਗਵਾਰ ਸੰਤੁਲਨ ਹੈ। ਇਸ ਮਹੀਨੇ ਫੁੱਲ ਬੂਟੇ ਭਰ ਜੋਬਨ ਵਿੱਚ ਹੁੰਦੇ ਹਨ ਅਤੇ ਹਰ ਪਾਸੇ ਫੁੱਲਾਂ ਦੀਆਂ ਮਹਿਕਾਂ, ਖੁਸ਼ਬੂਆਂ ਬੰਦੇ ਦੇ ਤਨ ਮਨ ਨੂੰ ਨਸ਼ਿਆ ਦਿੰਦੀਆਂ ਹਨ। ਤਨੋਂ ਮਨੋਂ ਖੀਵਾ ਹੋਇਆ ਬੰਦਾ ਝੂਮ ਉਠਦਾ ਹੈ। ਅੰਬਾਂ ਦੀਆਂ ਟਾਹਣੀਆਂ ਤੇ ਬੂਰ ਪੈ ਜਾਂਦਾ ਹੈ ਤੇ ਕੋਇਲ ਦੀ ਮਿੱਠੀ ਪਿਆਰੀ ਕੂ ਕੂ ਦੀ ਅਵਾਜ਼ ਮਨੁੱਖ ਦੇ ਕੰਨਾਂ ਵਿੱਚ ਅਗੰਮੀ ਰਸ ਘੋਲਦੀ ਪ੍ਰਤੀਤ ਹੁੰਦੀ ਹੈ। ਚੇਤ ਦੇ ਮਹੀਨੇ ਹੀ ਕਣਕਾਂ ਦਾ ਰੰਗ ਵੀ ਪੀਲਾ ਪੈ ਜਾਣਾ ਸ਼ੁਰੂ ਹੋ ਜਾਂਦਾ ਹੈ। ਇਸੇ ਲਈ ਆਖਿਆ ਗਿਆ ਹੈ—

**ਚੇਤ ਮਹੀਨਾ ਚੜ੍ਹਦਾ ਹੈ, ਕਣਕੀਂ ਸੋਨਾ ਮੜ੍ਹਦਾ ਹੈ...**

ਚੇਤਰ ਦਾ ਮਹੀਨਾ ਮਨੁੱਖ ਨੂੰ ਇਹ ਅਹਿਸਾਸ ਵੀ ਕਰਵਾਉਂਦਾ ਹੈ ਕਿ ਉਸ ਦਾ ਇੱਕ ਹੋਰ ਸਾਲ ਬੀਤੇ ਦਾ ਹਿੱਸਾ ਬਣ ਗਿਆ ਹੈ। ਅੰਮ੍ਰਿਤਾ ਪ੍ਰੀਤਮ ਪ੍ਰਸਿੱਧ ਪੰਜਾਬੀ ਕਵਿੱਤਰੀ ਨੇ ਆਪਣੀ ਕਵਿਤਾ ਚੇਤਰ ਵਿੱਚ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ—

**ਅੱਜ ਬੇਲੇ ਵਗਦੀ ਪੌਣ ਵੇ,**
**ਖੂਹ ਦੀਆਂ ਟਿੰਡਾਂ ਵਾਕਰਾਂ,**
**ਪਏ ਸਾਲ ਮਹੀਨੇ ਭੌਣ ਵੇ**
**ਅੱਜ ਚੇਤਰ ਚੜ੍ਹਿਆ।**
..........
**ਅੱਜ ਮੌਲੇ ਪੱਤਰ ਟਾਹਣ ਵੇ**
**ਉਮਰਾਂ ਦੀ ਇਸ ਚਰਖੀ ਉੱਤੇ**
**ਗੇੜੇ ਗਿੜਦੇ ਜਾਣ ਵੇ**
**ਅੱਜ ਚੇਤਰ ਚੜ੍ਹਿਆ।**

ਚੇਤ ਮਹੀਨਾ ਬਸੰਤ ਰੁੱਤ ਦਾ ਮਹੀਨਾ ਹੁੰਦਾ ਹੈ। ਕੁਦਰਤ ਪ੍ਰੇਮੀ ਕਾਦਰ ਦੇ ਰੰਗ ਵਿੱਚ ਧੁਰ ਅੰਦਰ ਤੱਕ ਖੀਵੇ ਹੋਏ ਹੁੰਦੇ ਹਨ। ਅਜਿਹੇ ਮਨ ਮਾਫਕ ਮੌਸਮ ਵਿੱਚ ਦੋ ਹਮਰਾਜ਼, ਹਮਜੋਲੀਆਂ ਅਤੇ ਪ੍ਰੇਮੀਆਂ ਨੂੰ ਇੱਕ ਦੂਜੇ ਦੀ ਯਾਦ ਆਉਣੀ ਸੁਭਾਵਕ ਹੈ। ਦੋਹਾਂ ਦੇ ਨਾ ਮਿਲ ਸਕਣ ਦੀ ਸੂਰਤ ਵਿੱਚ ਦੋਹਾਂ ਦਾ ਵਿਛੋੜਾ ਜ਼ਿਆਦਾ ਦੁੱਖਦਾਈ ਮਹਿਸੂਸ ਹੁੰਦਾ ਹੈ। ਅਜਿਹੀ ਹਾਲਤ ਵਿੱਚ ਬਿਰਹਣ ਆਪਣੇ ਪਿਆਰੇ ਨੂੰ ਸੁਆਲ ਕਰਦੀ ਪੁੱਛਦੀ ਹੈ—

**ਕਿੱਥੇ ਸਉ ਜਦ ਸਾਹ ਵਿੱਚ ਚੰਬਾ**
**ਚੇਤਰ ਬੀਜਣ ਆਏ**
**ਮੇਰੇ ਰਾਮ ਜੀਉ।**
**ਤੁਸੀਂ ਕਿਹੜੀ ਰੁੱਤੇ ਆਏ**
**ਮੇਰੇ ਰਾਮ ਜੀਉ।** (**ਸ਼ਿਵ ਕੁਮਾਰ ਬਟਾਲਵੀ**)

ਇਸੇ ਤਰ੍ਹਾਂ ਬਾਬੂ ਫਿਰੋਜ਼ਦੀਨ ਸ਼ਰਫ਼ ਨੇ ਵੀ ਵਿਛੋੜੇ ਦੀ ਬੇਚੈਨੀ ਦਾ ਜ਼ਿਕਰ ਕੀਤਾ ਹੈ—

**ਚੇਤਰ ਚੈਨ ਨਾ ਆਵੇ ਦਿਲ ਨੂੰ, ਤੇਰੇ ਬਾਝ ਪਿਆਰੇ ਜੀ।**
**ਮੈਂ ਹਾਂ ਤੇਰੇ ਦਰ ਦੀ ਬਰਦੀ, ਮੱਲੇ ਤੇਰੇ ਦੁਆਰੇ ਜੀ।**
**ਤੇਰੇ ਬਾਝੋਂ ਡੁੱਬਦੀ ਬੇੜੀ, ਕਿਹੜਾ ਮੇਰੀ ਤਾਰੇ ਜੀ।**
**ਸ਼ਰਫ਼ ਬੰਦੀ ਦੀ ਆਸ ਪੁਜਾਈਂ, ਦੇਵੀਂ ਝੱਬ ਦੀਦਾਰੇ ਜੀ।**

ਵਿਛੋੜੇ ਦੇ ਸੱਲ ਨੂੰ ਚੇਤਰ ਮਹੀਨੇ ਵਿੱਚ ਮਹਿਸੂਸ ਕਰਦੀ ਹੋਈ ਪੰਜਾਬਣ ਮੁਟਿਆਰ ਆਪਣੇ ਹਾਣੀ ਨੂੰ ਛੱਡ ਕੇ ਨਾ ਜਾਣ ਲਈ 'ਚੇਤਰ ਨਾ ਜਾਈਂ ਚੰਨਾ ਖਿੜੀ ਬਹਾਰ ਵੇ' ਆਖ ਕੇ ਪ੍ਰੇਰਦੀ ਹੈ। ਪਰ ਜੇਕਰ ਵਿਛੋੜਾ ਪਿਆ ਹੋਇਆ ਹੈ ਤਾਂ ਦਿਲ ਦੇ ਵਲਵਲੇ ਇੰਝ ਪ੍ਰਗਟ ਕਰਦੀ ਹੈ—

**ਚੜ੍ਹਿਆ ਮਹੀਨਾ ਚੇਤ ਦਿਲਾਂ ਦੇ ਭੇਤ ਕੋਈ ਨਹੀਂ ਜਾਣਦਾ**
**ਉਹ ਗਿਆ ਪਰਦੇਸ ਜੋ ਸਾਡੇ ਹਾਣ ਦਾ...**

ਇਸ ਤਰ੍ਹਾਂ ਚੇਤ ਦਾ ਮਹੀਨਾ ਸਾਲ ਦਾ ਸ਼ੁਰੂਆਤੀ ਮਹੀਨਾ ਹੋਣ ਅਤੇ ਬਸੰਤ ਰੁੱਤ ਦਾ ਮਹੀਨਾ ਹੋਣ ਅਤੇ ਫਸਲਾਂ ਦੇ ਪੱਕਣ ਦਾ ਮਹੀਨਾ ਹੋਣ ਕਾਰਨ ਵਿਸ਼ੇਸ਼ ਮਹੱਤਵ ਰੱਖਦਾ ਹੈ।

**ਵਿਸਾਖ** ਦੇ ਮਹੀਨੇ ਬਾਰੇ ਇੱਕ ਵੱਖਰਾ ਲੇਖ ਲਿਖਿਆ ਜਾ ਚੁੱਕਾ ਹੈ।

**ਜੇਠ ਹਾੜ** ਦਾ ਮਹੀਨਾ ਕੜਾਕੇ ਦੀ ਗਰਮੀ ਦੇ ਦੋ ਮਹੀਨਿਆਂ ਵਿਚੋਂ ਪਹਿਲਾ ਅਤੇ ਦੂਜਾ ਉਂਝ ਦੇਸੀ ਕੈਲੰਡਰ ਦਾ ਤੀਜਾ ਤੇ ਚੌਥਾ ਮਹੀਨਾ ਹੁੰਦਾ ਹੈ। ਗਰਮੀ ਦੀ ਰੁੱਤ ਨੂੰ ਇਨ੍ਹਾਂ ਮਹੀਨਿਆਂ ਦੇ ਨਾਂਅ ਕਾਰਨ ਹੀ ਸੰਕੇਤਕ ਤੌਰ ਤੇ ਜੇਠ ਹਾੜ੍ਹ ਆਖ ਦਿੱਤਾ ਜਾਂਦਾ ਹੈ। ਇਸ ਮਹੀਨੇ ਦੀ ਗਰਮੀ ਨੂੰ ਦੇਖਦਿਆਂ ਹੀ ਆਖਿਆ ਗਿਆ ਹੈ –

**ਜੇਠ ਚੱਲਣ ਲੂੰਆਂ, ਪਾਣੀ ਸੁਕਿਆ ਖੂਹਾਂ...**

ਜੇਠ ਮਹੀਨੇ ਦੀ ਗਰਮੀ ਨੂੰ ਦੇਖਦਿਆਂ ਹੀ ਕਹਾਵਤ ਬਣੀ ਕਿ 'ਜੇਠ ਹਾੜ ਕੁੱਖੀਂ, ਸਾਉਣ ਭਾਦੋਂ ਰੁੱਖੀਂ'। ਭਾਵ ਅਰਥ ਹੈ ਕਿ ਜੇਠ ਹਾੜ ਦੀ ਗਰਮੀ ਤੋਂ ਬਚਣ ਲਈ ਘਰਾਂ ਦੇ ਅੰਦਰ ਰਹਿਣਾ ਹੀ ਚੰਗਾ ਹੈ ਅਤੇ ਸਾਵਣ ਭਾਦੋਂ ਦੇ ਮੀਹਾਂ ਕਾਰਨ ਹੁੰਮਸ ਤੋਂ ਬਚਣ ਲਈ ਰੁੱਖਾਂ ਹੇਠ ਬੈਠਣਾ ਚਾਹੀਦਾ ਹੈ। ਇਹ ਗੱਲ ਵੱਖਰੀ ਹੈ ਕਿ ਵਿਗਿਆਨ ਅਤੇ ਤਕਨਾਲੋਜੀ ਕਾਰਨ ਅੱਜ ਕੱਲ੍ਹ ਅਜਿਹੇ ਉਪਕਰਨ ਮੌਜੂਦ ਹਨ ਕਿ ਤੁਸੀਂ ਘਰਾਂ ਦੇ ਅੰਦਰ ਬੈਠ ਕੇ ਹੁੰਮਸ ਤੋਂ ਬਚਾਓ ਕਰ ਸਕਦੇ ਹੋ। ਇਸ ਲਈ ਹੁਣ ਅਜਿਹੀਆਂ ਕਹਾਵਤਾਂ ਬੇ-ਮਾਅਨੀਆਂ ਹੋ ਗਈਆਂ ਹਨ। ਪਰ ਪੰਜਾਬੀਆਂ ਦੀ ਆਰਥਿਕ ਤੰਗੀਆਂ ਤੋਂ

ਬਚਣ ਲਈ ਪਰਦੇਸ ਜਾਣ ਦੀ ਲਿਲ੍ਹਕ ਨੂੰ ਪੰਜਾਬਣ ਮੁਟਿਆਰ ਜਾਣਦੀ ਹੈ। ਉਹ ਵਿਛੋੜੇ ਦੇ ਸੱਲ ਤੋਂ ਬਚਣ ਲਈ ਆਪਣੇ ਮਾਹੀ ਨੂੰ ਜੇਠ ਮਹੀਨੇ ਦੀਆਂ ਧੁੱਪਾਂ ਦਾ ਵਾਸਤਾ ਪਾਉਂਦੀ ਹੋਈ ਪ੍ਰੇਰਦੀ ਹੋਈ ਆਖਦੀ ਹੈ—

**ਜੇਠ ਹਾੜ ਦੀਆਂ ਧੁੱਪਾਂ ਵੇ ਚੰਨਾ, ਏਥੇ ਪੈਣ ਬਲਾਈਂ,**
**ਵੇ ਲਾਲ ਦੰਮਾਂ ਦਿਆ ਲੋਭੀਆ, ਪਰਦੇਸ ਨਾ ਜਾਈਂ।**
**ਮੈਂ ਕੱਤੂੰਗੀ ਨਿੱਕੜਾ, ਵੇ ਤੂੰ ਬਹਿ ਕੇ ਖਾਈਂ...**

ਪਰ ਗਭਰੂ ਜੋ ਕਿ ਪਰਦੇਸ ਜਾਣ ਲਈ ਬਜ਼ਿਦ ਹੈ ਅਤੇ ਉਸ ਦੀ ਗੱਲ ਨੂੰ ਇਨ੍ਹਾਂ ਸ਼ਬਦਾਂ ਨਾਲ ਕੱਟਦਾ ਹੈ—

**ਨਾਰਾਂ ਦੀ ਖੱਟੀ ਵਿੱਚ ਕੋਈ ਬਰਕਤ ਨਾਹੀਂ ਨੀ ਲਾਜੋ ਮੇਰੀਏ**
**ਨੀ ਗੋਰੀਏ ਮਰਦਾਂ ਦੀ ਖੱਟੀ, ਚੂੜੇ ਛਣਕਣ ਬਾਹੀਂ ਨੀ ਲਾਜੋ ਮੇਰੀਏ...**

ਦੇਸੀ ਮਹੀਨਿਆਂ ਦੇ ਇਨ੍ਹਾਂ ਮਹੀਨਿਆਂ ਦੇ ਫਲਾਂ ਬਾਰੇ ਵੀ ਸਾਡੀਆਂ ਪੰਜਾਬੀ ਬੋਲੀਆਂ ਵਿੱਚ ਬਾ-ਖੂਬੀ ਜ਼ਿਕਰ ਹੈ—

**ਜੇਠ ਹਾੜ ਵਿੱਚ ਅੰਬ ਬਥੇਰੇ, ਸੌਣ ਜਾਮਨੂੰ ਪੀਲਾਂ**
**ਰਾਂਝਿਆ ਆ ਜਾ ਵੇ ਪਾ ਕੇ ਪਟਾਰੀ ਵਿੱਚ ਕੀਲਾਂ...**

ਭਾਵੇਂ ਜੇਠ ਦੇ ਮਹੀਨੇ ਵਿੱਚ ਧਰਤੀ ਭੱਠ ਵਾਂਗ ਤਪ ਰਹੀ ਹੁੰਦੀ ਹੈ ਪਰ ਇਸ ਦੇ ਬਾਵਜੂਦ ਪੰਜਾਬੀ ਜਨ ਮਾਨਸ ਇਸ ਮਹੀਨੇ ਤਪਸ਼ ਤੋਂ ਰਾਹਤ ਵਾਸਤੇ ਮੀਂਹ ਨਹੀਂ ਮੰਗਦਾ ਸੀ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਖੇਤੀਬਾੜੀ ਦਾ ਸਾਰਾ ਦਾਰੋਮਦਾਰ ਹੱਥੀਂ ਮਿਹਨਤ ਅਤੇ ਪਸ਼ੂਆਂ ਤੇ ਨਿਰਭਰ ਕਰਦਾ ਸੀ। ਯੁਗ ਤਕਨਾਲੋਜੀ ਦਾ ਹੈ ਨਹੀਂ ਸੀ ਅਤੇ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਹੀ ਸੀ। ਅਜਿਹੇ ਵਿੱਚ ਹਾੜੀ ਦੀ ਫਸਲ ਨਜਿੱਠਣ ਲਈ ਜੇਠ ਦੇ ਅਖੀਰ ਤੱਕ ਦਾ ਸਮਾਂ ਲੱਗ ਜਾਂਦਾ ਸੀ। ਇਸ ਗੱਲ ਨੂੰ ਪੰਜਾਬੀ ਦੇ ਸਿਰਮੌਰ ਕਵੀ ਵਾਰਿਸ ਸ਼ਾਹ ਵੀ ਬਾ-ਖੂਬੀ ਜਾਣਦੇ ਸਨ—

**ਜੇਠ ਮੀਂਹ ਤੇ ਸਿਆਲ ਨੂੰ ਵਾਉ ਮੰਦੀ,**
**ਕੱਤਕ ਮਾਘ ਵਿੱਚ ਮਨ੍ਹਾਂ ਹਨੇਰੀਆਂ ਨੀ...**

ਹਾੜ ਦੇ ਮਹੀਨੇ ਦੀ ਗਰਮੀ ਦਾ ਏਨਾ ਕਹਿਰ ਹੁੰਦਾ ਹੈ ਕਿ ਹਰ ਜੀਵ ਜੰਤੂ, ਪਸ਼ੂ ਪਰਿੰਦਾ ਰੁੱਖਾਂ ਦੀ ਛਾਂ ਭਾਲਦਾ। ਬੀਂਡੇ ਅਤੇ ਹੋਰ ਕੀਟ ਪਤੰਗੇ ਵੀ ਰੁੱਖਾਂ ਦੀ ਛਾਂ ਹੇਠ ਦੁਪਹਿਰ ਵੇਲੇ ਗਰਮੀ ਦੇ ਸਤਾਏ ਹੋਏ ਭਾਂਤ-ਭਾਂਤ ਦੀਆਂ ਅਵਾਜ਼ਾਂ ਕੱਢਦੇ। 'ਹਾੜ ਬੋਲਦਾ' ਮੁਹਾਵਰੇ ਦੀਆਂ ਜੜ੍ਹਾਂ ਸ਼ਾਇਦ ਇਨ੍ਹਾਂ ਅਵਾਜ਼ਾਂ ਵਿੱਚ ਹੀ ਹੋਣ। ਹਾੜ ਦੀ ਗਰਮੀ ਕਾਰਨ ਹੀ ਇੱਕ ਹੋਰ ਮੁਹਾਵਰਾ 'ਹਾੜ ਕੱਢਾਵੇ ਹਾੜੇ' ਵੀ ਪ੍ਰਚਿੱਲਤ ਹੈ। ਸ਼ਿਵ ਕੁਮਾਰ ਬਟਾਲਵੀ ਨੇ ਵੀ ਆਪਣੀ ਪ੍ਰਸਿੱਧ ਰਚਨਾ ਵਿੱਚ 'ਲੂਣਾ' ਦਾ ਸੰਤਾਪ ਬਿਆਨਦੇ ਹੋਏ ਇੰਦਰਾਣੀ ਬਿੰਬ ਵਰਤਦਿਆਂ ਜੇਠ ਤੇ ਹਾੜ ਦੇ ਮਹੀਨਿਆਂ ਨਾਲ ਤਸ਼ਬੀਹ ਦਿੱਤੀ ਹੈ—

**ਇੱਕ ਛਾਤੀ ਮੇਰਾ ਹਾੜ ਤਪੰਦਾ,**
**ਇੱਕ ਤਪੰਦਾ ਜੇਠ।**
**ਮੈਂ ਅੱਗ ਤੁਰੀ ਪਰਦੇਸ।**
**ਨੀ ਮੈਂ ਅੱਗ ਤੁਰੀ ਪਰਦੇਸ।**

ਉੱਪਰ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਜੇਠ ਹਾੜ ਦੇ ਮਹੀਨਿਆਂ ਵਿੱਚ ਅੰਬਾਂ ਦੇ ਫਲ ਦੀ ਭਰਮਾਰ ਹੁੰਦੀ ਹੈ। ਇਸ ਲਈ ਲੋਕ ਫਲਾਂ ਦੇ ਇਸ ਰਾਜੇ ਫਲ ਅੰਬ ਦਾ ਸੁਆਦ ਵੀ ਮਾਣਦੇ ਹਨ ਅਤੇ ਧੁੱਪ ਤੋਂ ਬਚਣ ਦਾ ਉਪਰਾਲਾ ਵੀ ਕਰਦੇ ਹਨ। ਦੇਖੋ ਇਨ੍ਹਾਂ ਪੰਕਤੀਆਂ ਵਿੱਚ ਇੱਕ ਮੁਟਿਆਰ ਜੋ ਆਪਣੇ ਮਾਹੀ ਨਾਲ ਤੁਰੀ ਜਾ ਰਹੀ ਹੈ, ਕੀ ਕਹਿੰਦੀ ਹੈ—

**ਹਾੜ ਮਹੀਨਾ ਚੋ, ਚੋ ਪੈਂਦਾ ਭਿੱਜ ਗਈ ਲਾਲ ਪਰਾਂਦੀ**
**ਛਤਰੀ ਦੀ ਛਾਂ ਕਰ ਵੇ, ਵੇ ਮੈਂ ਅੰਬ ਚੂਪਦੀ ਜਾਂਦੀ...**

ਜੇਠ ਹਾੜ ਦੇ ਮਹੀਨੇ ਵਿੱਚ ਕਾਂ ਦੀ ਅੱਖ ਨਿਕਲਣ ਵਾਲੀ ਗਰਮੀ ਪੈਣ ਕਾਰਨ ਖਾਲੀ ਹੋ ਗਈ ਜ਼ਮੀਨ ਤਪ ਕੇ ਰੱਕੜ ਹੋ ਜਾਂਦੀ ਹੈ। ਇਸ ਨੂੰ ਤੋੜਨ ਲਈ ਹਾੜ ਵਿੱਚ ਜ਼ਮੀਨ ਦੀ ਵਹਾਈ ਕਰਨੀ ਜ਼ਰੂਰੀ ਹੋ ਜਾਂਦੀ ਹੈ। ਇੱਕ ਕਹਾਵਤ ਹੈ ਕਿ 'ਹਾੜ ਦਾ ਇੱਕ', ਸਾਵਣ ਦੇ ਦੋ, ਭਾਦੋਂ ਦੇ ਤਿੰਨ ਤੇ ਅੱਸੂ ਦਾ ਸੌ' ਭਾਵ ਕਿ ਹਾੜ ਦੇ ਮਹੀਨੇ ਇੱਕ ਵਾਰ ਦਾ ਹਲ ਵਾਹਿਆ ਅੱਸੂ ਦੇ ਮਹੀਨੇ ਸੌ ਵਾਰ ਹਲ ਵਾਹੁਣ ਦੇ ਬਰਾਬਰ ਹੈ। ਇਸੇ ਤਰ੍ਹਾਂ ਇੱਕ ਹੋਰ ਅਖਾਣ ਹੈ" ਹਾੜ ਨਾ ਵਾਹੀ ਹਾੜੀ, ਫਿਰ ਭੜੂਏ ਦੀ ਦਾਹੜੀ'। ਇਸ ਦਾ ਅਰਥ ਹੈ ਕਿ ਜਿਸ ਕਿਸਾਨ ਨੇ ਹਾੜ ਵਿੱਚ ਪੈਲੀ ਦੀ ਵਹਾਈ ਨਹੀਂ ਕੀਤੀ ਉਹ ਵਧੀਆ ਝਾੜ ਹਾਸਲ ਨਹੀਂ ਕਰ ਸਕਦਾ।

**ਭਾਦੋਂ** ਹਾੜ ਤੋਂ ਅਗਲਾ ਮਹੀਨਾ ਸੌਣ ਦਾ ਮਹੀਨਾ ਹੁੰਦਾ ਹੈ। ਇਸ ਮਹੀਨੇ ਬਾਰੇ ਜ਼ਿਕਰ ਇੱਕ ਵੱਖਰੇ ਲੇਖ ਵਿੱਚ ਕੀਤਾ ਜਾ ਚੁੱਕਾ ਹੈ। ਸਾਵਣ ਤੋਂ ਬਾਅਦ ਆਉਂਦਾ ਹੈ ਮਹੀਨਾ ਭਾਦੋਂ। ਇਸ ਮਹੀਨੇ ਆਖਿਆ ਜਾਂਦਾ ਹੈ ਕਿ ਮੀਂਹ ਬੰਨੇ ਨਾਲ ਬੰਨਾ ਛੱਡ ਜਾਂਦੈ। ਧਰਤੀ ਗਿੱਲੀ ਹੋਈ ਹੁੰਦੀ ਹੈ। ਹਵਾ ਵਿੱਚ ਨਮੀ ਹੁੰਦੀ ਹੈ। ਧੁੱਪ ਨਿਕਲਣ ਨਾਲ ਧਰਤੀ ਭੜਾਸ ਛੱਡਦੀ ਹੈ ਤਾਂ ਹੁੰਮਸ ਵਧ ਜਾਂਦਾ ਹੈ। ਇਸ ਮਹੀਨੇ ਮੌਸਮ ਕਈ-ਕਈ ਰੰਗ ਬਦਲਦਾ ਹੈ। ਭਾਦੋਂ ਦੀਆਂ ਤਿੱਖੀਆਂ ਧੁੱਪਾਂ ਦੇ ਤਾੜਕੇ ਬੰਦੇ ਨੂੰ ਜੇਠ ਹਾੜ ਦੀ ਗਰਮੀ ਨਾਲੋਂ ਕਿਤੇ ਵੱਧ ਦੁੱਖਦਾਈ ਮਹਿਸੂਸ ਹੁੰਦੇ ਹਨ। ਇਸੇ ਲਈ ਆਖਿਆ ਗਿਆ ਹੈ ਕਿ ਭਾਦੋਂ ਦੀਆਂ ਧੁੱਪਾਂ ਦਾ ਸਤਾਇਆ ਜੱਟ ਸਾਧ ਹੋ ਜਾਂਦੈ। ਅਚਾਨਕ ਮੀਂਹ ਦਾ ਆ ਜਾਣਾ ਇਸ ਮਹੀਨੇ ਦੀ ਵਿਸ਼ੇਸ਼ਤਾ ਹੈ। ਇਸੇ ਕਾਰਨ 'ਭਾਦੋਂ ਦੇ ਛਰਾਟੇ, ਗੁੰਨ੍ਹੇ ਰਹਿ ਜਾਣ ਆਟੇ' ਕਹਾਵਤ ਦਾ ਜਨਮ ਹੋਇਆ। ਪਹਿਲੇ ਸਮਿਆਂ ਵਿੱਚ ਅੱਜਕੱਲ ਵਾਂਗ ਰਸੋਈਆਂ ਨਹੀਂ ਸਨ ਹੁੰਦੀਆਂ। ਘਰ ਦੇ ਖੁੱਲ੍ਹੇ ਵਿਹੜੇ ਵਿੱਚ ਵੀ ਓਟਾ ਜਿਹਾ ਕਰਕੇ ਚੁੱਲ੍ਹਾ ਚੌਂਕਾ ਤਿਆਰ ਕਰ ਲਿਆ ਜਾਂਦਾ ਸੀ। ਕਈ ਵਾਰ ਆਟਾ ਗੁੰਨ੍ਹ ਕੇ ਰੋਟੀ ਪਕਾਉਣ ਲਈ ਤਿਆਰ ਹੋਣਾ ਤਾਂ ਅਚਾਨਕ ਮੀਂਹ ਦਾ ਆ ਜਾਣਾ ਰੋਟੀ ਬਨਾਉਣ ਵਿੱਚ ਵਿਘਨ ਪੈ ਜਾਂਦਾ ਜਿਸ ਕਾਰਨ ਉਕਤ ਕਹਾਵਤ ਨੇ ਜਨਮ ਲਿਆ। ਕਈ ਵਾਰ ਧੁੱਪ ਵੀ ਨਿਕਲੀ ਹੁੰਦੀ ਅਤੇ ਮੀਂਹ ਵੀ ਪੈ ਜਾਂਦਾ ਤਾਂ ਆਖਿਆ ਜਾਂਦਾ ਕਿ ਗਿੱਦੜ ਗਿਦੜੀ ਦਾ ਵਿਆਹ ਹੋ ਰਿਹੈ।

ਸਾਉਣ ਦੇ ਮਹੀਨੇ ਤੋਂ ਹੀ ਮੀਂਹਾਂ ਕਾਰਨ ਖੁੱਡਾ ਆਦਿ ਵਿੱਚ ਪਾਣੀ ਭਰ ਜਾਂਦਾ ਤਾਂ ਸੱਪ ਸਪੋਲੀਏ ਅਤੇ ਹੋਰ ਰੀਂਗਣ ਵਾਲੇ ਜੀਵ ਜੰਤੂ ਖੁੱਡਾਂ ਵਿਚੋਂ ਬਾਹਰ ਨਿਕਲ ਆਉਂਦੇ। ਇਸੇ ਮਹੀਨੇ ਹੀ ਗੁੱਗੇ ਨੌਂਵੀ ਦਾ ਤਿਉਹਾਰ ਆਉਂਦਾ ਹੈ। ਲੁਧਿਆਣੇ ਨੇੜਲੇ ਪਿੰਡ ਛਪਾਰ ਵਿਖੇ ਗੁੱਗੇ ਨੌਂਵੀਂ ਤੇ ਬਹੁਤ ਭਾਰੀ ਮੇਲਾ ਲਗਦਾ ਹੈ।

**ਅੱਸੂ ਕੱਤਾ—**ਭਾਦੋਂ ਤੋਂ ਬਾਅਦ ਆਉਂਦੇ ਅੱਸੂ ਦੇ ਮਹੀਨੇ ਦਾ ਦੇਸੀ ਕੈਲੰਡਰ ਵੈਸਾਖ ਮਹੀਨੇ ਵਾਂਗ ਹੀ ਮਹੱਤਵ ਹੈ। ਜਿਵੇਂ ਵਿਸਾਖ ਵਿੱਚ ਹਾੜੀ ਦੀ ਫਸਲ ਘਰ ਆਉਂਦੀ ਹੈ। ਇਸੇ ਤਰ੍ਹਾਂ ਅੱਸੂ ਦੇ ਮਹੀਨੇ ਸਾਉਣੀ ਦੀ ਫ਼ਸਲ ਭਾਵ ਝੋਨਾ, ਮੱਕੀ ਕਪਾਹ ਆਦਿ ਘਰ ਆਉਂਦੇ ਹਨ। ਅਤਿ ਦੀ ਪਸੀਨੇ ਛੁਡਾਊ ਗਰਮੀ ਤੋਂ ਬਾਅਦ ਅੱਸੂ ਦਾ ਮਹੀਨਾ ਰਾਹਤ ਦੇਣ ਵਾਲਾ ਹੁੰਦਾ ਹੈ।

ਮੌਸਮ ਖੁਸ਼ਗਵਾਰ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਮਹੀਨੇ ਸਵੇਰ ਸ਼ਾਮ ਠੰਡੇ ਅਤੇ ਮਨ ਲੁਭਾਉਣੇ ਹੁੰਦੇ ਹਨ। ਇਸ ਨੂੰ ਸਰਦ ਰੁੱਤ ਦਾ ਸ਼ੁਰੂਆਤੀ ਮਹੀਨਾ ਮੰਨਿਆ ਜਾਂਦਾ ਹੈ ਅਤੇ ਇਸੇ ਲਈ ਕਹਾਵਤ ਬਣੀ 'ਅੱਸੂ ਪੁੱਤ ਸਿਆਲੇ ਦਾ'। ਦੇਸੀ ਕੈਲੰਡਰ ਦਾ ਸੱਤਵਾਂ ਮਹੀਨਾ ਹੋਣ ਕਾਰਨ ਸਾਲ ਦੇ ਦੂਜੇ ਅੱਧ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਬਦਲਦੇ ਮੌਸਮ ਕਾਰਨ ਆਖਿਆ ਜਾਂਦਾ ਹੈ—

**ਅੱਸੂ ਮਾਹ ਨਿਰਾਲਾ, ਦਿਨ ਨੂੰ ਧੁਪਾਂ ਰਾਤੀਂ ਪਾਲਾ**

ਬਰਸਾਤ ਇਸ ਮਹੀਨੇ ਤੱਕ ਖਤਮ ਹੋ ਚੁੱਕੀ ਹੁੰਦੀ ਹੈ। ਮਿੱਟੀ ਘੱਟਾ ਬੈਠ ਗਿਆ ਹੁੰਦਾ ਹੈ। ਇਸ ਲਈ ਵਾਤਾਵਰਣ ਸ਼ੁਧ ਤੇ ਸਾਫ਼ ਨਜ਼ਰ ਆਉਂਦਾ ਹੈ। ਮੱਖੀ ਮੱਛਰ ਦੇ ਵੀ ਘਟ ਜਾਣ ਕਾਰਨ ਬੰਦਾ ਬਹੁਤ ਰਾਹਤ ਮਹਿਸੂਸ ਕਰਦਾ ਹੈ। ਸਾਫ਼ ਵਾਤਾਵਰਣ ਵਿੱਚ ਖੁਲ੍ਹੇ ਨੀਲੇ ਅੰਬਰ ਥੱਲੇ ਪੰਛੀਆਂ ਦੀਆਂ ਉਡਾਰੀਆਂ ਮਨੁੱਖੀ ਮਨ ਅੰਦਰ ਇੱਕ ਵਿਸ਼ੇਸ਼ ਤਰ੍ਹਾਂ ਦਾ ਸਕੂਨ ਅਤੇ ਹੁਲਾਸ ਭਰਦੀਆਂ ਹਨ। ਅੱਸੂ ਦੇ ਮਹੀਨੇ ਵਿੱਚ ਨਾ ਬਹੁਤੀ ਗਰਮੀ ਤੇ ਨਾ ਬਹੁਤੀ ਸਰਦੀ ਹੁੰਦੀ ਹੈ। ਇਸ ਲਈ ਖਾਣ-ਪੀਣ ਦੀਆਂ ਚੀਜ਼ਾਂ ਖਰਾਬ ਹੋਣ ਦਾ ਡਰ ਨਹੀਂ ਹੁੰਦਾ। ਸ਼ਾਇਦ ਇਸੇ ਕਾਰਨ ਅੱਸੂ ਦਾ ਮਹੀਨਾ ਵਿਆਹ ਸ਼ਾਦੀਆਂ ਆਦਿ ਕਾਰਜਾਂ ਲਈ ਸ਼ੁਭ ਮੰਨਿਆ ਜਾਂਦਾ ਹੈ। ਪੰਜਾਬ ਦੀ ਜੰਮੀ ਜਾਈ ਇੱਕ ਧੀ ਆਪਣੇ ਧਰਮੀ ਬਾਬਲ ਨੂੰ ਵਿਆਹ ਵਰਗਾ ਕਾਰਜ ਅੱਸੂ ਦੇ ਮਹੀਨੇ ਕਰਨ ਦੀ ਨੇਕ ਸਲਾਹ ਦਿੰਦੀ ਆਖਦੀ ਹੈ—

**ਮੇਰਾ ਅੱਸੂ ਦਾ ਕਾਜ ਰਚਾ ਮੇਰੇ ਬਾਬਲਾ**
**ਤੇਰਾ ਅੰਨ ਨਾ ਤਰੱਕੇ ਕੋਠੜੀ,**
**ਤੇਰਾ ਦਹੀਂ ਨਾ ਅਮਲਾ ਜਾ,**
**ਬਾਬਲ ਮੈਂ ਬੇਟੀ ਪਰਨਾ,**
**ਵੇ ਧਰਮੀ ਬਾਬਲਾ, ਤੇਰਾ ਪੁੰਨ ਹੋਵੇ।**

ਇਸ ਮਹੀਨੇ ਨੂੰ ਵਿਆਹ ਸ਼ਾਦੀਆਂ ਲਈ ਸ਼ੁਭ ਮੰਨੇ ਜਾਣ ਦਾ ਇੱਕ ਹੋਰ ਕਾਰਨ ਇਸ ਮਹੀਨੇ ਦੀ ਠੰਡੀ ਮਿੱਠੀ ਰੁੱਤ ਦਾ ਸਮਾਗਮੀ ਪੱਖੋਂ ਅਨੁਕੂਲ ਹੋਣਾ ਹੈ। ਇਸ ਕਰਕੇ ਤਾਂ ਸ਼ਿਵ ਕੁਮਾਰ ਬਟਾਲਵੀ ਵੀ ਆਪਣੀ ਕਵਿਤਾ ਵਿੱਚ ਇੱਕ ਧੀ ਦੇ ਮੂਹੋਂ ਅਖਵਾਉਂਦਾ ਹੈ—

**ਜਦ ਪੈਣ ਕਪਾਹੀਂ ਫੁੱਲ ਵੇ,**
**ਸਾਨੂੰ ਉਹ ਰੁੱਤ ਲੈ ਦਈਂ ਮੁੱਲ ਵੇ**
**ਧਰਮੀਂ ਬਾਬਲਾ**

ਅੱਸੂ ਦੇ ਮਹੀਨੇ ਰਾਤਾਂ ਨੂੰ ਤਰੇਲ ਪੈਣੀ ਸ਼ੁਰੂ ਹੋ ਜਾਂਦੀ ਹੈ। ਇਸ ਲਈ ਇਸ ਮਹੀਨੇ ਵਿੱਚ ਸਵੇਰ ਦੀ ਸੈਰ ਵੇਲੇ ਬਨਸਪਤੀ ਅਤੇ ਖਾਸ ਕਰਕੇ ਫੁੱਲਾਂ ਦੀਆਂ ਪੱਤੀਆਂ ਤੇ ਪਏ ਤ੍ਰੇਲ ਦੇ ਤੁਪਕੇ ਰੂਹ ਨੂੰ ਤਾਜ਼ਗੀ ਬਖਸ਼ਦੇ ਹਨ ਅਤੇ ਅੱਖਾਂ ਨੂੰ ਤ੍ਰਿਪਤੀ। ਸਵੇਰ ਵੇਲੇ ਤਰੇਲੇ ਹੋਏ ਘਾਹ ਉੱਤੇ ਤੁਰਨਾ ਅੱਖਾਂ ਦੀ ਰੌਸ਼ਨੀ ਲਈ ਵੀ ਲਾਭਦਾਇਕ ਮੰਨਿਆ ਜਾਂਦਾ ਹੈ।

ਪਿੱਤਰਾਂ ਦੇ ਸਰਾਧਾਂ, ਅੱਸੂ ਦੇ ਨਰਾਤਿਆਂ ਅਤੇ ਦੁਸਹਿਰੇ ਦੇ ਤਿਉਹਾਰ ਕਾਰਨ ਇਸ ਮਹੀਨੇ ਦੀ ਵਿਸ਼ੇਸ਼ ਮਹਾਨਤਾ ਹੈ। ਦੁਸਹਿਰੇ ਦੇ ਤਿਉਹਾਰ ਮੌਕੇ ਨਰਾਤਿਆਂ ਦੌਰਾਨ ਵੱਡੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਰਾਮ ਲੀਲ੍ਹਾ ਦਾ ਆਯੋਜਨ ਕੀਤਾ ਜਾਂਦਾ ਹੈ ਜੋ ਰਾਮ ਲੀਲ੍ਹਾ ਖੇਡੇ ਜਾਣ ਵਾਲੇ ਅਸਥਾਨ ਤੇ ਵੱਡੇ ਰੌਣਕ ਮੇਲੇ ਦਾ ਸਬੱਬ ਬਣਦਾ ਹੈ। ਨੌਂ ਨਰਾਤਿਆਂ ਤੋਂ ਬਾਅਦ ਦਸਵੇਂ ਦਿਨ ਨੂੰ ਵਿਜੈ ਦਸ਼ਮੀ ਅਰਥਾਤ ਦੁਸਹਿਰੇ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨੂੰ ਬਦੀ ਉੱਤੇ ਨੇਕੀ ਦੀ ਜਿੱਤ ਦੇ ਸੰਕੇਤ ਵਜੋਂ ਮਾਨਤਾ ਪ੍ਰਾਪਤ ਹੈ। ਇਸ ਦਿਨ ਮੇਲੇ ਤੇ ਜੁੜੇ ਵੱਡੇ ਭਾਰੀ ਲੋਕ ਇਕੱਠਾਂ ਦੀ ਹਾਜ਼ਰੀ ਵਿੱਚ ਬਦੀ ਦੇ ਪ੍ਰਤੀਕ ਰਾਵਣ ਮੇਘਨਾਥ ਅਤੇ ਕੁੰਭਕਰਨ ਦੇ ਪੁਤਲਿਆਂ ਨੂੰ ਅਗਨ ਭੇਟ ਕੀਤਾ ਜਾਂਦਾ ਹੈ। ਅੱਸੂ ਤੋਂ ਅਗਲਾ ਮਹੀਨਾ ਕੱਤਕ ਦਾ ਆਉਂਦਾ ਹੈ।

ਅੱਧ ਅਕਤੂਬਰ ਤੋਂ ਅੱਧ ਨਵੰਬਰ ਤੱਕ ਦੇ ਦਿਨਾਂ ਵਿੱਚ ਦੇਸੀ ਕੈਲੰਡਰ ਅਨੁਸਾਰ **ਕੱਤਕ** ਦਾ ਮਹੀਨਾ ਚੱਲਦਾ ਹੈ। ਇਹ ਮਹੀਨਾ ਰੁਝੇਵਿਆਂ ਭਰਪੂਰ ਹੁੰਦਾ ਹੈ। ਸਾਉਣੀ ਦੀਆਂ ਫਸਲਾਂ ਸਾਂਭਣ ਦੇ ਨਾਲ-ਨਾਲ ਹਾੜੀ ਦੀਆਂ ਫਸਲਾਂ ਦੀ ਬਿਜਾਈ ਵੀ ਇਸੇ ਮਹੀਨੇ ਕੀਤੀ ਜਾਂਦੀ ਹੈ। ਇਸ ਲਈ ਕਿਸਾਨ ਭਰਾਵਾਂ ਦਾ ਇਸ ਮਹੀਨੇ ਉੱਕਾ ਹੀ ਵੇਹਲ ਨਹੀਂ ਹੁੰਦਾ। ਕਹਿੰਦੇ ਹਨ ਇਸ ਮਹੀਨੇ ਤਾਂ ਜੱਟ ਨੇ ਆਪਣੀ ਮਰੀ ਮਾਂ ਵੀ ਭੜੋਲੇ ਵਿੱਚ ਪਾ ਕੇ ਰੱਖ ਲਈ ਸੀ ਤੇ ਆਖ ਦਿੱਤਾ ਸੀ ਕਿ ਵੇਹਲ ਲੱਗਣ ਤੇ ਲਾਸ਼ ਕਿਉਂਟ ਲਈ ਜਾਵੇਗੀ। ਇਹ ਸਿਰਫ਼ ਇੱਕ ਇਸ਼ਾਰਾ ਹੈ ਕਿ ਕਿਸਾਨੀ ਦਾ ਕਿੱਤਾ ਕਰਨ ਵਾਲਿਆਂ ਕੋਲ ਇਸ ਮਹੀਨੇ ਕਰਨ ਵਾਲੇ ਕਿੰਨੇ ਕੰਮ ਹੁੰਦੇ ਹਨ। ਇਸ ਮਹੀਨੇ ਵਿੱਚ ਮਨਾਏ ਜਾਣ ਵਾਲੇ ਤਿਉਹਾਰ ਵੀ ਕਾਫੀ ਗਿਣਤੀ ਵਿੱਚ ਆਉਂਦੇ ਹਨ। ਕੱਤਕ ਮਹੀਨੇ ਦੀ ਮੱਸਿਆ ਨੂੰ ਦਿਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਹਿੰਦੂ ਇਸ ਤਿਉਹਾਰ ਨੂੰ ਸ੍ਰੀ ਰਾਮ ਚੰਦਰ ਜੀ ਦੇ ਲਛਮਣ ਅਤੇ ਸੀਤਾ ਸਮੇਤ ਅਯੁੱਧਿਆ ਵਾਪਸ ਪਹੁੰਚਣ ਦੀ ਖੁਸ਼ੀ ਵਿੱਚ ਮਨਾਉਂਦੇ ਹਨ ਜਦ ਕਿ ਸਿੱਖ ਇਸ ਤਿਉਹਾਰ ਨੂੰ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਜੇਲ੍ਹ ਤੋਂ ਰਿਹਾਈ ਅਤੇ ਉਨ੍ਹਾਂ ਵਲੋਂ ਬਵੰਜਾ ਰਾਜਿਆਂ ਨੂੰ ਜੇਲ੍ਹ ਵਿਚੋਂ ਬਾਹਰ ਲੈ ਕੇ ਆਉਣ ਦੀ ਖੁਸ਼ੀ ਵਿੱਚ ਬੰਦੀ ਛੋੜ ਦਿਵਸ ਵਜੋਂ ਮਨਾਉਂਦੇ ਹਨ। ਕੱਤਕ ਦੀ ਪੂਰਨਮਾਸ਼ੀ ਨੂੰ ਸਿੱਖਾਂ ਵੱਲੋਂ ਪਹਿਲੇ ਪਾਤਿਸ਼ਾਹ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਕਰਵਾ ਚੌਥ ਦਾ ਵਰਤ ਵੀ ਇਸੇ ਮਹੀਨੇ ਸੁਹਾਗਣ ਔਰਤਾਂ ਵਲੋਂ ਰੱਖਿਆ ਜਾਂਦਾ ਹੈ ਜੋ ਉਨ੍ਹਾਂ ਦੇ ਪਤੀ ਦੀ ਲੰਮੀ ਉਮਰ ਲਈ ਰੱਖਿਆ ਜਾਂਦਾ ਹੈ। ਮੌਸਮ ਦੇ ਲਿਹਾਜ਼ ਨਾਲ ਇਹ ਮਹੀਨਾ ਬਹੁਤ ਸੁਹਾਵਣਾ ਗਿਣਿਆ ਜਾਂਦਾ ਹੈ। ਮੱਠੀ ਮੱਠੀ ਠੰਢ ਗਰਮੀਆਂ ਤੋਂ ਬਾਅਦ ਬਹੁਤ ਚੰਗੀ ਤੇ ਪਿਆਰੀ ਲੱਗਦੀ ਹੈ। ਹਾਲਾਂਕਿ ਇਸ ਮਹੀਨੇ ਦਰਖਤਾਂ ਦੇ ਪੱਤੇ ਝੜਨ ਲੱਗ ਪੈਂਦੇ ਹਨ ਪਰ ਮੌਸਮ ਬਸੰਤ ਵਾਂਗ ਹੀ ਖੁਸ਼ਗਵਾਰ ਹੁੰਦਾ ਹੈ। ਰਾਤਾਂ ਦੀ ਲੰਬਾਈ ਵਧਣ ਲੱਗਦੀ ਹੈ। ਅਕਾਸ਼ ਨਿਰਮਲ ਤੇ ਸਾਫ਼ ਹੁੰਦਾ ਹੈ। ਪਹਿਲੇ ਸਮਿਆਂ ਵਿੱਚ ਕੱਤਕ ਦੇ ਮਹੀਨੇ ਪਿੰਡਾਂ ਦੇ ਛਪੜਾਂ ਅਤੇ ਛੰਭਾਂ ਅਤੇ ਨਦੀਆਂ ਨਾਲਿਆਂ ਦੇ ਕੰਢਿਆਂ ਤੇ ਕੂੰਜਾਂ ਡੇਰੇ ਆ ਲਾਉਂਦੀਆਂ ਸਨ ਜੋ ਸਥਾਨਕ ਵਾਸੀਆਂ ਦਾ ਧਿਆਨ ਆਪਣੇ ਵੱਲ ਖਿੱਚਦੀਆਂ ਸ਼ੇਖ ਫਰੀਦ ਜੀ ਨੇ ਵੀ ਇਸ ਸੰਬੰਧੀ ਗਵਾਹੀ ਭਰਦਿਆਂ 'ਕਤਿਕ ਕੂੰਜਾਂ ਚੇਤਿ ਡਉ' ਲਿਖਿਆ ਹੈ। ਪੰਜਾਬੀ ਸਾਹਿਤ ਦੀਆਂ ਬਹੁਤ ਸਾਰੀਆਂ ਰਚਨਾਵਾਂ ਵਿੱਚ ਅਨੇਕਾਂ ਲਿਖਾਰੀਆਂ ਵਲੋਂ ਕੱਤਕ ਦੀ ਮਹਿਮਾ ਗਾਇਨ ਕੀਤੀ ਗਈ ਹੈ।

**ਮੱਘਰ, ਪੋਹ**—ਮੱਘਰ ਦੇ ਮਹੀਨੇ ਸਰਦੀ ਸ਼ੁਰੂ ਹੋ ਜਾਂਦੀ ਹੈ। ਦਿਨ ਛੋਟੇ ਹੋ ਜਾਂਦੇ ਹਨ ਅਤੇ ਰਾਤਾਂ ਲੰਮੀਆਂ। ਫਸਲਾਂ ਬੀਜੀਆਂ ਜਾ ਚੁੱਕੀਆਂ ਹੁੰਦੀਆਂ ਹਨ। ਇਸ ਲਈ ਕਿਸਾਨ ਘਰਾਂ ਵਿੱਚ ਮੁਖ ਕੰਮ ਪਸ਼ੂਆਂ ਨੂੰ ਸਾਂਭਣ, ਉਨ੍ਹਾਂ ਨੂੰ ਅੰਦਰ ਬਾਹਰ ਕਰਨ, ਕੱਖ ਪੱਠਾ ਪਾਉਣ ਅਤੇ ਧਾਰਾਂ ਚੋਣ ਆਦਿ ਦਾ ਹੀ ਹੁੰਦਾ ਹੈ। ਇਸ ਲਈ ਇਹ ਦਿਨ ਸੁਖ ਲੈਣ ਦੇ ਹੁੰਦੇ ਹਨ। ਪੰਜਾਬ ਦੇ ਪਿੰਡਾਂ ਵਿੱਚ ਇਸ ਮਹੀਨੇ ਸਰੀਰ ਨੂੰ ਗਰਮ ਰੱਖਣ ਅਤੇ ਤਾਕਤ ਵਧਾਉਣ ਵਾਲੇ

ਪਦਾਰਥ ਜਿਵੇਂ ਅਲਸੀ, ਮੇਥੇ, ਖੋਆ ਆਦਿ ਪਾ ਕੇ ਪਿੰਨੀਆਂ ਬਣਾਏ ਜਾਂਦੇ ਹਨ। ਦੁੱਧ ਇਸ ਮਹੀਨੇ ਵਾਧੂ ਹੁੰਦਾ ਹੈ ਕਿਉਂਕਿ ਹਰਾ ਚਾਰਾ ਆਮ ਹੋ ਜਾਂਦਾ ਹੈ। ਬਜ਼ਾਰਾਂ ਵਿੱਚ ਰੇੜ੍ਹੀਆਂ ਆਦਿ ਤੇ ਗੈਰ ਸ਼ਾਕਾਹਾਰੀ ਚੀਜ਼ਾਂ ਜਿਵੇਂ ਮੱਛੀ, ਮੁਰਗਾ ਆਂਡੇ ਆਦਿ ਆਮ ਮਿਲਣ ਲੱਗਦੇ ਹਨ ਅਤੇ ਇਨ੍ਹਾਂ ਦਾ ਜ਼ੋਰ ਦਿਨ-ਬ-ਦਿਨ ਵਧਦਾ ਹੈ। ਪੰਜਾਬੀ ਇਨ੍ਹਾਂ ਦਿਨਾਂ ਵਿੱਚ ਵਧੀਆ ਖੁਰਾਕਾਂ ਖਾ ਕੇ ਆਪਣੀ ਸਿਹਤ ਵੱਲ ਵਿਸ਼ੇਸ਼ ਧਿਆਨ ਦਿੰਦੇ ਹਨ। ਵਿਆਹ ਸ਼ਾਦੀਆਂ ਵਾਸਤੇ ਵੀ ਇਹ ਮਹੀਨਾ ਵਧੀਆ ਗਿਣਿਆ ਗਿਆ ਹੈ। ਮਿਲਾਪੜੇ ਅਤੇ ਸਮਾਗਮੀ ਦਿਨ ਗਿਣੇ ਜਾਂਦੇ ਹਨ ਇਸ ਮਹੀਨੇ ਦੇ। ਲੋਕ ਸਵੈਟਰ ਜਰਸੀਆਂ ਅਤੇ ਹੋਰ ਗਰਮ ਕੱਪੜੇ ਪਹਿਨਣੇ ਸ਼ੁਰੂ ਕਰ ਦਿੰਦੇ ਹਨ। ਰਾਤਾਂ ਨੂੰ ਉੱਪਰ ਲੈਣ ਵਾਸਤੇ ਰਜਾਈਆਂ ਅਤੇ ਕੰਬਲ ਵਰਤੋਂ ਵਿੱਚ ਆਉਣ ਲੱਗਦੇ ਹਨ।

ਮੱਘਰ ਤੋਂ ਬਾਅਦ ਪੋਹ ਦਾ ਮਹੀਨਾ ਆਉਂਦਾ ਹੈ। ਇਹ ਮਹੀਨਾ ਭਰ ਸਰਦੀ ਦਾ ਗਿਣਿਆਂ ਜਾਂਦਾ ਹੈ। ਇਸ ਮਹੀਨੇ ਸਾਲ ਵਿੱਚ ਸਭ ਤੋਂ ਛੋਟੇ ਦਿਨ ਅਤੇ ਸਭ ਤੋਂ ਲੰਮੀਆਂ ਰਾਤਾਂ ਹੁੰਦੀਆਂ ਹਨ। ਕੋਰਾ ਅਤੇ ਧੁੰਦ ਇਸ ਮਹੀਨੇ ਦੀਆਂ ਵਿਸ਼ੇਸ਼ਤਾਵਾਂ ਹਨ। ਸਿੱਖ ਇਤਿਹਾਸ ਵਿੱਚ ਇਸ ਮਹੀਨੇ ਨੂੰ ਸ਼ਹੀਦੀਆਂ ਦਾ ਮਹੀਨਾ ਕਰਕੇ ਜਾਣਿਆ ਜਾਂਦਾ ਹੈ। ਇਸੇ ਮਹੀਨੇ ਜੰਗ ਚਮਕੌਰ ਵਿੱਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਜੁਝਾਰ ਸਿੰਘ ਜੀ, ਪੰਜਾਂ ਪਿਆਰਿਆਂ ਵਿਚੋਂ ਤਿੰਨ ਅਤੇ ਹੋਰ ਕਈ ਸਿੰਘ ਸ਼ਹੀਦ ਹੋਏ। ਇਸੇ ਤਰ੍ਹਾਂ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਨੇ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕੀਤਾ। ਮਾਤਾ ਗੁਜਰੀ ਜੀ ਨੇ ਠੰਡੇ ਬੁਰਜ ਵਿੱਚ ਕੈਦ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ। ਛੋਟੇ ਸਾਹਿਬਜ਼ਾਦਿਆਂ ਦੀ ਦੁੱਧ ਨਾਲ ਸੇਵਾ ਕਰਨ ਵਾਲੇ ਬਾਬਾ ਮੋਤੀ ਰਾਮ ਮਹਿਰਾ ਨੂੰ ਪਰਿਵਾਰ ਸਮੇਤ ਕੋਹਲੂ ਵਿੱਚ ਪੀੜ ਕੇ ਸੂਬਾ ਸਰਹਿੰਦ ਦੇ ਹੁਕਮਾਂ ਨਾਲ ਸ਼ਹੀਦ ਕੀਤਾ ਗਿਆ। ਇਨ੍ਹਾਂ ਸ਼ਹੀਦੀਆਂ ਕਾਰਨ ਇਸ ਮਹੀਨੇ ਦੀ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਹਾਨਤਾ ਹੈ। ਇਸ ਮਹੀਨੇ ਦੇ ਆਖਰੀ ਦਿਨ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ।

**ਮਾਘ ਫੱਗਣ—**ਮਾਘ ਮਹੀਨੇ ਦੀ ਸੰਗਰਾਂਦ ਨੂੰ ਮਾਘੀ ਕਿਹਾ ਜਾਂਦਾ ਹੈ। ਪੁਰਾਤਨ ਸਮਿਆਂ ਤੋਂ ਮਾਘੀ ਦਾ ਦਿਹਾੜਾ ਸ਼ੁੱਭ ਮੰਨਿਆ ਜਾਂਦਾ ਹੈ। ਇਸ ਦਿਨ ਵਿਸ਼ੇਸ਼ ਤੌਰ ਤੇ ਧਾਰਮਿਕ ਸਥਾਨਾਂ ਸਥਿਤ ਸਰੋਵਰਾਂ ਅਤੇ ਧਾਰਮਿਕ ਮਹੱਤਵ ਰੱਖਦੇ ਨਦੀਆਂ ਕੰਢੇ ਵਾਲੇ ਅਸਥਾਨਾਂ ਤੇ ਇਸ਼ਨਾਨ ਕਰਨ ਦਾ ਖਾਸ ਮਹੱਤਵ ਮੰਨਿਆ ਜਾਂਦਾ ਹੈ। ਲੋਹੜੀ ਅਤੇ ਮਾਘੀ ਦੇ ਤਿਉਹਾਰ ਕੇਵਲ ਇੱਕ ਦਿਨ ਦੇ ਫਰਕ ਨਾਲ ਇਕੱਠੇ ਹੀ ਆਉਂਦੇ ਹਨ। ਪਰ ਲੋਹੜੀ ਅੱਗ ਸੇਕ ਕੇ ਮਨਾਈ ਜਾਂਦੀ ਹੈ। ਮੂੰਗਫਲੀ ਰਿਉੜੀਆਂ ਆਦਿ ਗਰਮ ਤਾਸੀਰ ਦੇ ਪਦਾਰਥ ਖਾਧੇ ਜਾਂਦੇ ਹਨ। ਪਰ ਮਾਘ ਦੀ ਪਹਿਲੀ ਸਵੇਰ ਨੂੰ ਹੀ ਲੋਹੜੀ ਵਾਲੇ ਦਿਨ ਗੰਨੇ ਦੇ ਰਸ ਨਾਲ ਰਿੰਨੀ ਗਈ ਖੀਰ ਜੋ ਕਿ ਸਵੇਰ ਤੱਕ ਠੰਢੀ ਹੋ ਗਈ ਹੁੰਦੀ ਹੈ ਵਿੱਚ ਦਹੀਂ ਆਦਿ ਮਿਲਾ ਕੇ ਖਾਧੀ ਜਾਂਦੀ ਹੈ ਜਿਸ ਦੀ ਤਾਸੀਰ ਠੰਢੀ ਹੁੰਦੀ ਹੈ। ਪੰਜਾਬ ਵਿੱਚ ਮੁਕਤਸਰ ਦਾ ਮਾਘੀ ਮੇਲਾ ਬਹੁਤ ਮਸ਼ਹੂਰ ਹੈ। ਇਹ ਮੇਲਾ ਚਾਲ੍ਹੀ ਮੁਕਤਿਆਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਪੰਜਾਬ ਦੇ ਲੋਕ ਦੂਰੋਂ ਦੂਰੋਂ ਆ ਕੇ ਮੁਕਤਸਰ ਸਾਹਿਬ ਵਿਖੇ ਪਹੁੰਚ ਚਾਲ੍ਹੀ ਮੁਕਤਿਆਂ ਦੀ ਕੁਰਬਾਨੀ ਨੂੰ ਆਪਣੀ ਸ਼ਰਧਾ ਅਤੇ ਅਕੀਦਤ ਦੇ ਫੁੱਲ ਭੇਟ ਕਰਦੇ ਹਨ। ਇਹ ਉਹੀ ਚਾਲ੍ਹੀ ਮੁਕਤੇ ਸਨ ਜੋ ਗੁਰੂ ਸਾਹਿਬ ਨੂੰ ਬੇਦਾਵਾ ਦੇ ਕੇ ਸਾਥ ਛੱਡ ਕੇ ਚਲੇ ਗਏ ਸਨ ਅਤੇ ਜਿਨ੍ਹਾਂ ਨੂੰ ਮਾਈ ਭਾਗੋ ਨੇ ਵੰਗਾਰ ਕੇ ਫਿਰ ਮੈਦਾਨ-ਇ-ਜੰਗ ਵਿੱਚ ਲਿਆਂਦਾ ਸੀ। ਮਾਈ ਭਾਗੋ ਖੁਦ ਵੀ ਇਸ ਜੰਗ ਵਿੱਚ ਸ਼ਹੀਦ ਹੋਈ। ਇਸ ਸਬੰਧੀ ਆਸਾ ਸਿੰਘ ਘੁਮਾਣ ਦੀ ਟਿੱਪਣੀ ਦਰਜ ਕਰਨੀ ਕੁਥਾਵੇਂ ਨਹੀਂ ਹੋਵੇਗਾ।—"ਇਹ ਚਿੰਤਾ ਜ਼ਾਹਰ ਕਰਨੀ ਵੀ ਜਾਇਜ਼ ਹੋਵੇਗੀ ਕਿ ਪੰਜਾਬੀ ਲੋਕ ਤਾਂ ਪਹਿਲਾਂ ਹੀ ਇਤਿਹਾਸ ਪੱਖੋਂ ਗਾਫ਼ਲ ਹਨ। ਮਸਲਨ, ਪੰਜਾਬੀ ਬੱਚੇ 'ਖੂਬ ਲੜੀ ਮਰਦਾਨੀ, ਵੋ ਤੋ ਝਾਂਸੀ ਵਾਲੀ ਰਾਣੀ ਥੀ' ਬਾਰੇ ਤਾਂ ਜਾਣਦੇ ਹੋਣਗੇ ਜੋ ਦੇਸ ਦੀ ਅਜ਼ਾਦੀ ਲਈ ਨਹੀਂ ਸਗੋਂ ਆਪਣੀ ਰਿਆਸਤ ਨੂੰ ਬਚਾਉਣ ਲਈ ਮੁਤਬੰਨਾ ਐਕਟ ਖਿਲਾਫ਼ ਲੜੀ ਪਰ ਮਾਈ ਭਾਗੋ ਇਤਿਹਾਸ ਵਿੱਚ ਇਕੱਲੀ ਐਸੀ ਮਿਸਾਲ ਹੈ, ਜਿਸ ਵਿੱਚ ਸ਼ਰਧਾ ਧਰਮ ਅਤੇ ਅਣਖ ਖਾਤਰ ਕਿਸੇ ਪੰਜਾਬਣ ਨੇ ਘੋੜ ਸਵਾਰ ਹੋ ਕੇ, ਹੱਥ ਤਲਵਾਰ ਫੜ ਮਰਦ ਭਰਾਵਾਂ ਦੇ ਟੁੱਟੇ ਹੌਂਸਲੇ ਬੁਲੰਦ ਕੀਤੇ ਅਤੇ ਆਪਣੀ ਜਾਨ ਵਾਰ ਦਿੱਤੀ।" ਪੰਜਾਬ ਵਿੱਚ ਹੋਰ ਵੀ ਕਈ ਥਾਵਾਂ ਤੇ ਲੋਕ ਮਾਘੀ ਦਾ ਤਿਉਹਾਰ ਮਨਾਉਂਦੇ ਹਨ। ਬਸੰਤ ਪੰਚਮੀ ਦਾ ਤਿਉਹਾਰ ਵੀ ਇਸ ਮਹੀਨੇ ਵਿੱਚ ਆ ਜਾਂਦਾ ਹੈ। ਸਰਦੀ ਦਾ ਮੌਸਮ ਜਾਣਾ ਸ਼ੁਰੂ ਹੋ ਜਾਂਦਾ ਹੈ। ਇਸੇ ਲਈ ਤਾਂ ਕਹਾਵਤ ਬਣੀ ਹੈ, 'ਆਈ ਬਸੰਤ ਪਾਲਾ ਉਡੰਤ।' ਬਸੰਤ ਰੁਤ ਦੇ ਹੁਲਾਰਿਆਂ ਦਾ ਅੰਦਾਜ਼ਾ ਇਸ ਲੋਕ ਅਖਾਣ ਤੋਂ ਭਲੀ ਭਾਂਤ ਲੱਗ ਜਾਂਦਾ ਹੈ 'ਸਦਾ ਦਿਵਾਲੀ ਸਾਧ ਦੀ ਅੱਠੇ ਪਹਿਰ ਬਸੰਤ।'

ਮਾਘ ਦੇ ਨਾਲ ਹੀ ਇਸ ਦੇ ਖਤਮ ਹੋਣ ਤੇ ਸਾਲ ਦਾ ਆਖਰੀ ਮਹੀਨਾ **ਫੱਗਣ** ਚੜ੍ਹ ਪੈਂਦਾ ਹੈ। ਬਹਾਰ ਦਾ ਮੌਸਮ ਹੋਣ ਕਰਕੇ ਇਹ ਮਹੀਨਾ ਮਨੁੱਖੀ ਮਨ ਵਾਸਤੇ ਮਿਲਾਪਾਂ ਵਾਲਾ ਮੰਨਿਆ ਜਾਂਦਾ ਹੈ। ਪੰਜਾਬੀ ਸਾਹਿਤ ਦੇ ਬਾਰਾਂ ਮਾਹਿਆਂ ਵਿੱਚ ਚੇਤ ਤੋਂ ਲੈ ਕੇ ਮਾਘ ਮਹੀਨੇ ਤੱਕ ਵਿਯੋਗ ਦੀ ਗੱਲ ਕੀਤੀ ਗਈ ਹੈ। ਹਾਲਾਂਕਿ ਮਹੀਨਾ ਚੇਤ ਦਾ ਵੀ ਬਸੰਤ ਰੁੱਤ ਦਾ ਭਾਗ ਹੀ ਗਿਣਿਆ ਜਾਂਦਾ ਹੈ। ਪਰ ਗੱਲ ਵਿਯੋਗ ਦੀ ਹੀ ਕੀਤੀ ਗਈ ਹੈ—

**ਚੜ੍ਹਿਆ ਚੇਤਰ ਨਹੀਂ ਘਰ ਜਾਨੀਂ, ਰੋ ਰੋ ਧਾਹਾਂ ਮਾਰਾਂ ਮੈਂ।**

ਪਰੰਤੂ ਫੱਗਣ ਜੋ ਕਿ ਸਾਲ ਦਾ ਆਖਰੀ ਮਹੀਨਾ ਹੈ ਇਸ ਨੂੰ ਪਿਆਰੇ ਨਾਲ ਮਿਲਾਪ ਦਾ ਮਹੀਨਾ ਮੰਨਿਆ ਹੈ। ਬਰਖੁਰਦਾਰ ਦੇ ਸ਼ਬਦਾਂ ਵਿੱਚ—

**ਜਬ ਚੜ੍ਹਿਆ ਮਹੀਨਾ ਫਾਗਣ**
**ਮਿਲਿਆ ਕੰਤ ਆਏ ਘਰ ਸਾਜਣ**
**ਲਾਗੇ ਦੂਖ ਦਰਦ ਸਭ ਭਾਗਣ**
**ਲਾਗੇ ਕਰਮ ਅਸਾਡੇ ਜਾਗਣ।**

ਗੁਰਬਾਣੀ ਵਿੱਚ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ—

**ਫਲਗੁਣਿ ਅਨੰਦ ਉਪਾਰਜਨਾ,**
**ਹਰਿ ਸਾਜਣ ਪ੍ਰਗਟੇ ਆਇ॥**

ਪੰਜਾਬੀ ਦੇ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਨੇ ਫੱਗਣ ਦੇ ਮਹੀਨੇ ਦੀ ਇਨ੍ਹਾਂ ਸ਼ਬਦਾਂ ਨਾਲ ਵਡਿਆਈ ਕੀਤੀ ਹੈ—

**ਫੱਗਣ ਮਾਹ ਮੁਬਾਰਕ ਚੜ੍ਹਿਆ,**
**ਬੈਠੀ ਤਖਤ ਬਸੰਤੋ ਰਾਣੀ।**
**ਰੂਪ ਚੜ੍ਹ ਗਿਆ ਫੁੱਲਾਂ ਉੱਤੇ,**
**ਫਸਲ ਫਲਾਂ ਜਵਾਨੀ ਮਾਣੀ।**

ਹੋਲੀ, ਸ਼ਿਵਰਾਤਰੀ ਆਦਿ ਤਿਉਹਾਰ ਇਸ ਮਹੀਨੇ ਵਿੱਚ ਆਉਂਦੇ ਹਨ। ਇਸ ਮਹੀਨੇ ਚਾਰੇ ਪਾਸੇ ਸਰ੍ਹੋਂ ਦੇ ਫੁੱਲਾਂ ਦੀ ਖੁਸ਼ਬੋਈ ਅਤੇ ਪੀਲੇ ਫੁੱਲ ਦੇਖਣ ਨੂੰ ਨਜ਼ਰ ਆਉਂਦੇ ਹਨ।

# ਉੱਗਦੇ ਸੂਰਜ ਦੀ ਅੱਖ

ਪ੍ਰੋ. ਜਸਵੰਤ ਸਿੰਘ ਗੰਡਮ



ਅੱਜ ਕੱਲ੍ਹ ਸੂਰਜ ਨੂੰ ਦੇਖਣ ਦਾ ਇਕ ਆਪਣਾ ਹੀ ਰੁਮਾਂਸ ਹੈ। ਸੁਭਾ ਸਵੇਰੇ ਮਿੱਠੀ-ਮਿੱਠੀ ਠੰਡ ਹੁੰਦੀ ਹੈ ਅਤੇ ਉੱਗਦਾ ਸੂਰਜ ਮੱਠਾ-ਮੱਠਾ ਨਿੱਘ ਦਿੰਦਾ ਹੈ! ਸੱਜਰੀ ਸਵੇਰ ਦਾ ਸੂਰਜ ਸਹਿਲਾਉਂਦਾ ਲਗਦੈ! ਸਭ ਤੋਂ ਪਿਆਰੀ ਗੱਲ ਕਿ ਮੈਂ ਸੂਰਜ ਦੀ ਅੱਖ ਵਿਚ ਅੱਖ ਪਾ ਕੇ ਦੇਖ ਸਕਦਾਂ! ਉਸ ਨਾਲ ਅੱਖ ਮਿਲਾ ਸਕਦਾਂ! ਅੱਖ-ਮਟੱਕਾ 'ਤੇ ਅੱਖ ਮਿਚੋਲੀ ਵੀ ਕਰ ਸਕਦਾਂ! ਜਿਉਂ-ਜਿਉਂ ਗਰਮੀ ਵਧੇਗੀ ਤਾਂ ਸਾਹਜਰੇ ਦੀਆਂ ਕਿਰਨਾਂ ਦੀ ਤਪਸ਼ ਵੱਧ ਜਾਏਗੀ। ਫਿਰ ਭਲਾ ਕਿਸ ਦੀ ਮਜਾਲ ਕਿ ਸੂਰਜ ਵੱਲ ਅੱਖ ਚੁੱਕ ਵੀ ਦੇਖ ਸਕੇ, ਅੱਖ ਮਿਲਾਉਣਾ ਤਾਂ ਦੂਰ ਦੀ ਗੱਲ ਹੋਈ। ਫਿਰ ਤਾਂ ਅੱਖਾਂ ਚੁੰਧਿਆ ਜਾਣਗੀਆਂ, ਬਲਕਿ ਚੁੰਨਿਆ ਜਾਣਗੀਆਂ। ਸੂਰਜ ਫਿਰ ਲਾਗੇ ਲੱਗਣ ਦਿੰਦਾ ਕਿਸੇ ਨੂੰ! ਉਹ ਕੋਈ ਚੰਦਾ ਮਾਮਾ ਥੋੜ੍ਹੀ ਐ ਕਿ ਜਦੋਂ ਚਾਹੋ 'ਝਾਅ' ਕਹਿ ਲਿਆ। ਉਹ ਤਾਂ ਅੱਗ ਹੈ, ਤਪਦਾ-ਬਲਦਾ ਤੇਜ ਹੈ, ਭਸਮ ਕਰ ਦਊ!

ਖੈਰ, ਭਾਈਚਾਰਾ ਤਾਂ ਸਾਡਾ ਸੂਰਜ ਨਾਲ ਵੀ ਹੈ, ਭਾਵੇਂ ਉਹ ਧਰਤੀ ਤੋਂ ਔਸਤਨ 150 ਮਿਲੀਅਨ ਕਿਲੋਮੀਟਰ ਦੂਰ ਹੈ। ਜੇ ਭਾਈਚਾਰਾ ਨਾਂ ਹੁੰਦਾ ਤਾਂ ਨਿਆਣੇ ਹੁੰਦੇ "ਸੂਰਜਾ ਸੂਰਜਾ ਫੱਟੀ ਸੁੱਕਾ" ਕਿਉਂ ਕਹਿੰਦੇ। ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਿਆਂ ਅੱਧੀ ਛੁੱਟੀ ਵੇਲੇ ਲਾਗਲੇ ਛੱਪੜ ਵੱਲ ਦੁੜੰਗੇ ਲਾ ਦਈਦੇ ਸੀ। ਫੱਟੀ ਪੋਚ ਕੇ ਫਿਰ ਗਾਚਣੀ ਮੱਲ ਦਈਦੀ ਸੀ ਅਤੇ ਸੂਰਜ ਨੂੰ ਜਲਦੀ ਫੱਟੀ ਸੁਕਾਉਣ ਲਈ ਕਿਹਾ ਜਾਂਦਾ ਸੀ ਤਾਂ ਕਿ ਅੱਧੀ ਛੁੱਟੀ ਖਤਮ ਹੋਣ ਉਪਰੰਤ ਮੁੜ ਫੱਟੀ ਦਾ ਇਸਤੇਮਾਲ ਕੀਤਾ ਜਾ ਸਕੇ। ਮਾਣ ਤਾਂ ਸੂਰਜ ਉੱਪਰ ਐਨਾਂ ਹੁੰਦਾ ਸੀ ਕਿ ਅਪਣੱਤ 'ਚ ਧਮਕੀ ਵੀ ਦੇ ਮਾਰੀ ਦੀ ਸੀ ਕਿ 'ਜੇ ਨਹੀਂ ਸੁਕਾਉਣੀ ਤਾਂ ਘਰ ਨੂੰ ਜਾਹ'!

ਉਦੋਂ ਸਕੂਲ ਵਿਚ ਇਕ ਕਹਾਣੀ ਵੀ ਲੱਗੀ ਹੁੰਦੀ ਸੀ, ਇਹ ਸਮਝਾਉਣ ਲਈ ਕਿ ਤਾਕਤਵਰ ਲੋਕਾਂ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ (ਖੈਰ, ਅੱਜ ਕੱਲ੍ਹ ਤਾਂ ਤਾਕਤਵਰ ਲੋਕ ਹੰਕਾਰ ਤੋਂ ਬਿਨਾ ਹੋਰ ਕੁਛ ਕਰਦੇ ਹੀ ਨਹੀਂ!) ਕਹਾਣੀ ਇਸ ਤਰ੍ਹਾਂ ਸੀ- ਸੂਰਜ ਅਤੇ ਹਵਾ ਵਿਚ ਤਣਾ-ਤਣੀ ਹੋ ਗਈ। ਹਵਾ ਕਹਿ ਬੈਠੀ ਕਿ ਉਹ ਸੂਰਜ ਤੋਂ ਵਧੇਰੇ ਸ਼ਕਤੀਸ਼ਾਲੀ ਹੈ। ਸਬੂਤ ਵਜੋਂ ਇਕ ਮੁਸਾਫਿਰ ਨੂੰ ਨਿਸ਼ਾਨਾ ਬਣਾਇਆ ਗਿਆ। ਜਿਉਂ-ਜਿਉਂ ਹਵਾ ਤੇਜ਼ ਹੋਈ ਜਾਵੇ ਮੁਸਾਫਿਰ ਕੋਟ ਸਮੇਤ ਆਪਣੇ ਬਸਤਰ ਘੁੱਟ ਕੇ ਪਕੜੀ ਜਾਵੇ। ਹਵਾ ਹਨ੍ਹੇਰੀ ਹੋ ਗਈ ਪਰ ਮੁਸਾਫਿਰ ਨੇ ਆਪਣੇ ਕੱਪੜੇ ਹੋਰ ਵੀ ਘੁੱਟ ਕੇ ਫੜ ਲਏ। ਫਿਰ ਸੂਰਜ ਦੀ ਵਾਰੀ ਆਈ। ਜਿਉਂ ਹੀ ਗਰਮੀ ਵਧੀ ਮੁਸਾਫਿਰ ਨੇ ਆਪਣਾ ਕੋਟ ਤੁਰੰਤ ਲਾਹ ਦਿੱਤਾ! ਤਪਸ਼ ਹੋਰ ਵਧਣ ਤੇ ਉਸ ਨੇ ਕਮੀਜ਼ ਵੀ ਲਾਹ ਦਿੱਤੀ। ਇਸ ਤੋਂ ਪਹਿਲਾਂ ਕਿ ਸੂਰਜ ਹੋਰ ਬਲਦਾ, ਹਵਾ ਨੇ ਹਾਰ ਮੰਨ ਲਈ!

ਸੂਰਜ ਸਾਡੇ ਦੁੱਖ-ਸੁਖ ਦਾ ਸਾਥੀ ਹੈ। ਸਾਡੇ ਵਰਗੇ ਬੁੱਢਿਆਂ ਨੂੰ ਕੜਾਕੇ ਦੀ ਠੰਡ ਤੋਂ ਸੂਰਜ ਹੀ ਬਚਾਉਂਦੈ। ਭਰ ਸਿਆਲ ਧੁੱਪ ਨਾਂ ਨਿਕਲੇ ਤਾਂ ਬੱਸ ਹੋ ਜਾਂਦੀ ਹੈ। ਤਾਂਹੀ ਤਾਂ ਕਹਿੰਦੇ ਜੇ ਬੁੱਢਾ ਸਿਆਲ ਕੱਢ ਗਿਆ ਤਾਂ ਸਮਝੋ ਸਾਲ ਕੱਢ ਗਿਆ! (ਐਸ ਵਾਰੀ ਜਨਵਰੀ ਵਿਚ ਸੂਰਜ ਬਹੁਤਾ ਸਮਾਂ ਦਿਸਿਆ ਹੀ ਨਹੀਂ ਅਤੇ ਠੰਢ ਨੇ ਕੜੱਲ ਕੱਢ ਦਿੱਤੇ! ਇਹ ਤਾਂ ਭਲਾ ਹੋਵੇ ਫਰਵਰੀ ਦਾ ਜਿਸ ਵਿਚ ਸੂਰਜ ਦੇਵਤਾ ਦੇ ਦਰਸ਼ਨ ਹੋਏ! ਫਰਵਰੀ ਦੇ ਅਖੀਰਲੇ ਅਤੇ ਮਾਰਚ ਦੇ ਅਰੰਭਲੇ ਹਫ਼ਤਿਆਂ ਵਿਚ ਸੂਰਜ ਦੀਆਂ ਕਿਰਨਾਂ ਬੜੀਆਂ ਪਲੋਸਵੀਆਂ ਹੁੰਦੀਆਂ ਹਨ! ਭਾਵੇਂ ਇਸ ਵਾਰ ਫਰਵਰੀ 'ਚ ਜ਼ਰਾ ਜਲਦ ਤਪਸ਼ ਆ ਗਈ ਹੈ)।

ਅੱਜੋਕੇ ਆਪਾ-ਧਾਪੀ ਦੇ ਸਮਿਆਂ ਵਿਚ ਸੂਰਜ ਦੀਆਂ ਰਿਸ਼ਮਾਂ ਸਾਡੇ ਵਰਗੇ 'ਕੱਲੇ-ਕਹਿਰਿਆਂ ਨੂੰ ਸੁਭਾ-ਸਵੇਰੇ ਨੀਂਦ ਤੋਂ ਜਗਾਉਂਦੀਆਂ ਹਨ। ਛੋਟੇ ਹੁੰਦਿਆਂ ਮਾਂ ਇਹ ਕਹਿ ਕੇ ਜਗਾਉਂਦੀ ਹੁੰਦੀ ਸੀ- "ਉਠ ਜਾ ਹੁਣ, ਸੂਰਜ ਗੋਡੇ ਗੋਡੇ ਚੜ੍ਹ ਆਇਆ"। ਹੁਣ ਮਾਂ ਤਾਂ ਰਹੀ ਨਹੀਂ, ਜਗਾਉਣ ਵਾਲਾ ਕੋਈ ਹੈ ਨਹੀਂ, ਸਿਵਾਏ ਸੂਰਜ ਦੀਆਂ ਕਿਰਨਾਂ ਤੋਂ- "ਤਨਹਾਈਉਂ ਕਾ ਯੇ ਆਲਮ ਹੈ ਮੇਰੇ ਮੌਲਾ,/ਸੂਰਜ ਅਗਰ ਨਾਂ ਹੋ ਤੋ ਜਗਾਤਾ ਨਹੀਂ ਕੋਈ"!

ਜਿਉਂ ਹੀ ਸੂਰਜ ਦੀਆਂ ਪਹਿਲੀਆਂ ਕਿਰਨਾਂ ਸਾਡੇ ਕਮਰੇ 'ਚ ਦਸਤਕ ਦਿੰਦੀਆਂ ਹਨ ਜਾਂ ਸਾਡੇ ਚੇਹਰੇ 'ਤੇ ਪੈਂਦੀਆਂ ਹਨ ਤਾਂ ਸਾਨੂੰ ਇਉਂ ਲਗਦੈ ਕਿ ਮਾਂ ਮੱਥਾ ਚੁੰਮ ਕੇ ਲਾਡ ਨਾਲ ਕਹਿ ਰਹੀ ਹੋਵੇ- "ਪੁੱਤ ਉੱਠ, ਹੁਣ ਤਾਂ ਚਿੱਟਾ ਦਿਨ ਚੜ੍ਹ ਆਇਆ"!

ਸੂਰਜ ਧਰਤੀ ਉੱਪਰ ਊਰਜਾ, ਰੌਸ਼ਨੀ ਅਤੇ ਤਪਸ਼ ਦੇ ਸਭ ਤੋਂ ਵੱਡਿਆਂ ਸਰੋਤਾਂ ਵਿੱਚੋਂ ਹੈ। ਇਸ ਕਾਰਨ ਹੀ ਜੀਵਨ ਹੈ, ਦਿਨ ਅਤੇ ਰਾਤ ਹਨ, ਵਨਸਪਤੀ ਅਤੇ ਹੋਰ ਜਨ-ਜੀਵਨ ਹੈ। ਇਸ ਕਰਕੇ ਹੀ ਸੂਰਜ ਨੂੰ ਦੇਵਤਾ ਮੰਨਿਆਂ ਜਾਂਦਾ ਤੇ ਇਸ ਦੀ ਪੂਜਾ ਹੁੰਦੀ ਹੈ।

ਦਰਅਸਲ ਸੂਰਜ ਦਾ ਨਾਮ ਹੀ ਪ੍ਰਾਚੀਨ ਯੂਨਾਨ ਅਤੇ ਰੋਮ ਦੇ ਦੇਵਤਿਆਂ ਦੇ ਨਾਮ 'ਤੇ ਪਿਆ। ਸੂਰਜ ਨੂੰ ਅੰਗਰੇਜੀ ਵਿਚ 'ਸਨ' ਕਹਿੰਦੇ ਹਨ। ਇਹ ਸ਼ਬਦ ਜਰਮੈਨਿਕ ਮੂਲ ਦੇ 'ਸੋਨੀ', ਪੁਰਾਤਨ ਅੰਗਰੇਜ਼ੀ ਦੇ 'ਸੱਨੀ', ਲਾਤੀਨੀ 'ਸੋਲ' ਅਤੇ ਡੱਚ 'ਜੋਨ' ਤੋਂ ਹੁੰਦਾ ਹੋਇਆ ਆਪਣੇ ਮੌਜੂਦਾ ਰੂਪ 'ਸਨ' 'ਚ ਪੁੱਜਿਆ ਹੈ। ਯੂਨਾਨ ਵਾਲੇ ਇਸ ਨੂੰ ਹੀਲੀਯਸ ਕਹਿੰਦੇ ਹਨ ਜੋ ਇਕ ਖੂਬਸੂਰਤ ਸੂਰਜ ਦੇਵਤਾ ਹੈ। ਰੋਮਨ 'ਸੋਲ' ਨੂੰ ਸੂਰਜ ਦੇਵਤਾ ਮੰਨਦੇ ਹਨ। ਇਹ ਹੀਲੀਯਸ ਦਾ ਦੈਵੀ ਹਮਰੁਤਬਾ ਹੈ। ਲਾਤੀਨੀ ਸੋਲ ਤੋਂ ਹੀ ਸੋਲਰ ਸਿਸਟਮ (ਸੂਰਜ ਮੰਡਲ) ਸ਼ਬਦ ਹੋਂਦ ਵਿਚ ਆਇਆ।

ਸ਼ੇਕਸਪੀਅਰ ਆਪਣੇ ਨਾਟਕ 'ਕਾਮੇਡੀ ਆਫ ਐਰਰਜ਼', ਜੋ 1589-

1594 ਦਰਮਿਆਨ ਲਿਖਿਆ ਗਿਆ ਤੇ ਪਹਿਲੀ ਵਾਰ 1623 'ਚ ਛਪਿਆ, ਵਿੱਚ ਸੂਰਜ ਦੇ ਪੁਰਾਣੇ ਸ਼ਬਦ-ਜੋੜ ਸੱਨੀ ਹੀ ਵਰਤਦੈ। ਮੌਜੂਦਾ ਸਪੈਲਿੰਗ 1600ਵਿਆਂ ਦੇ ਮੱਧ ਜਾਂ ਬਾਅਦ ਵਿਚ ਪ੍ਰਚਲਿਤ ਹੋਏ। ਸੂਰਜ ਨੂੰ ਸੰਸਕ੍ਰਿਤ ਵਿਚ 'ਸੂਰਯ' ਕਹਿੰਦੇ ਹਨ। ਬਤੌਰ ਸੰਗਯਾ ਇਸ ਦੇ ਦਿਵਾਕਰ ਅਤੇ ਦਿਨਮਣਿ ਨਾਮ ਵੀ ਹਨ।

ਯੂਨਾਨੀ ਮਿਥਿਹਾਸ ਅਨੁਸਾਰ ਸੂਰਜ ਦੇਵਤਾ ਹਰ ਰੋਜ਼ ਆਪਣੇ ਰੱਥ 'ਤੇ ਸਵਾਰ ਹੋ ਕੇ ਆਕਾਸ਼ ਦੇ ਇਕ ਪਾਸੇ ਤੋਂ ਦੂਸਰੇ ਪਾਸੇ ਵੱਲ ਜਾਂਦਾ ਹੈ ਅਤੇ ਰਾਹ ਵਿਚ ਚਾਨਣ ਬਖੇਰਦਾ ਰਹਿੰਦਾ ਹੈ! ਵਿਗਿਆਨਿਕ ਪੱਖ ਆਪਾਂ ਸਾਰੇ ਜਾਣਦੇ ਹਾਂ। ਉਡੀਸਾ ਦੇ ਕੋਨਾਰਕ ਦਾ ਸੂਰਯ ਮੰਦਰ ਵੀ ਸੂਰਜ ਦੇਵਤਾ ਨੂੰ ਸਮਰਪਿਤ ਹੈ। ਇਹ ਵੀ ਸੂਰਜ ਦੇਵਤਾ ਦੇ ਵਿਸ਼ਾਲ ਰੱਥ ਨੂੰ ਦਰਸਾਉਂਦੈ, ਜਿਸ ਦੇ 24 ਪਹੀਏ ਹਨ ਅਤੇ ਜਿਸ ਨੂੰ 6 ਘੋੜਿਆਂ ਦੀ ਟੀਮ ਖਿੱਚਦੀ ਹੈ। ਕੋਨਾਰਕ ਸ਼ਬਦ ਵੀ ਸੰਸਕ੍ਰਿਤ ਦੇ ਸਬਦਾਂ 'ਕੋਨਾਂ' ਤੇ 'ਆਰਕ' (ਸੂਰਜ) ਦੇ ਮੇਲ ਤੋਂ ਬਣਿਆ ਹੈ।

ਵੈਸੇ ਗੁਰਬਾਣੀ ਅਨੁਸਾਰ ਧਰਤੀਆਂ ਅਤੇ ਸੂਰਜ ਬੇਅੰਤ ਹਨ। ਜਪੁ ਜੀ ਸਾਹਿਬ ਵਿਚ ਜ਼ਿਕਰ ਹੈ- "ਧਰਤੀ ਹੋਰੁ, ਪਰੈ ਹੋਰੁ ਹੋਰੁ"।... "ਕੇਤੇ ਇੰਦ ਚੰਦ, ਸੂਰ ਕੇਤੇ, ਕੇਤੇ ਮੰਡਲ ਦੇਸ" (ਭਾਵ (ਅਕਾਲ ਪੁਰਖ ਦੀ ਕੁਦਰਤਿ ਵਿਚ) ਬੇਅੰਤ ਇੰਦਰ ਦੇਵਤੇ, ਬੇਅੰਤ ਚੰਦ੍ਰਮਾਂ, ਬੇਅੰਤ ਸੂਰਜ ਤੇ ਬੇਅੰਤ ਭਵਨ-ਚੱਕਰ ਹਨ)। ਗੁਰਬਾਣੀ ਵਿਚ ਸੂਰਜ ਦੇ ਹੋਰ ਵੀ ਹਵਾਲੇ ਹਨ- "ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ", "ਕਬੀਰ ਸੂਰਜ ਚਾਂਦ ਕੈ ਉਦੈ ਭਈ ਸਭ ਦੇਹੁ", "ਆਪੇ ਸ੍ਰਿਸਟਿ ਉਪਾਇਦਾ ਪਿਆਰਾ ਕਰਿ ਸੂਰਜੁ ਚੰਦੁ ਚਾਨਾਣੁ"।

ਭਾਈ ਗੁਰਦਾਸ ਵੀ ਕਹਿੰਦੇ ਹਨ - "ਸੰਖ ਸਮੰਦਹੁ ਸੱਖਣਾ ਰੋਵੈ ਧਾਹਾਂ ਮਾਰ ਸੁਣਾਈ। ਘੁਘੂ ਸੁਝ ਨ ਸੁਝਈ ਸੂਰਜ ਜੋਤਿ ਨ ਲੁਕੈ ਲੁਕਾਈ"।

ਗੁਰੂ ਗੋਬਿੰਦ ਸਿੰਘ ਜੀ ਵੀ ਸੂਰਜ ਦਾ ਹਵਾਲਾ ਦਿੰਦੇ ਹਨ - "ਕੇਤੇ ਸੂਰ ਚੰਦ ਕਹੁ ਮਾਨੈ", "ਕਈ ਸੂਰ ਚੰਦ ਸਰੂਪ"।

ਸੂਰਜਮੁਖੀ ਦੇ ਫੁਲ ਦੀ ਸ਼ਕਲ ਸੂਰਜ ਵਰਗੀ ਹੁੰਦੀ ਹੈ ਅਤੇ ਉਹ ਸੂਰਜ ਦੇ ਨਾਲ-ਨਾਲ ਆਪਣਾ ਮੂੰਹ ਘੁਮਾਉਂਦਾ ਰਹਿੰਦਾ ਹੈ। ਕਮਲ ਵੀ ਸੂਰਜ ਦੇਖ ਕੇ ਖਿੜਦਾ ਹੈ। ਸੂਰਜਕੁੰਡ ਸੂਰਜ ਦੇਵਤਾ ਦੇ ਨਾਮ ਤੇ ਹਨ। ਸੂਰਜਵੰਸ਼ੀ ਰਾਜੇ ਬੜੇ ਪ੍ਰਤਾਪੀ ਹੋਏ ਹਨ। ਭਗਵਾਨ ਰਾਮ ਵੀ ਸੂਰਜਵੰਸ਼ੀ ਸੀ। ਸੂਰਜ ਨਮਸ਼ਕਾਰ ਵੀ ਕੀਤਾ ਜਾਂਦੈ।

ਸੂਰਜ ਨੂੰ ਦੀਵਾ ਦਿਖਾਉਣਾ, ਚੜ੍ਹਦੇ ਸੂਰਜ ਨੂੰ ਸਲਾਮ ਕਰਨਾ, ਕਿਸਮਤ ਦਾ ਸੂਰਜ ਡੁੱਬਣਾ, ਸੂਰਜ ਏਧਰ ਦਾ ਉਧਰ ਹੋਣਾ, ਸੂਰਜ ਚੜ੍ਹਨਾ, ਸੂਰਜ ਘਰੋਣਾ/ਡੁੱਬਣਾ, ਸੂਰਜ ਦੇ ਸਾਹਮਣੇ ਟਟਹਿਣਾ, ਸੂਰਜ ਖੇਤੀ ਪਾਲ ਹੈ, ਚੰਨ ਬਣਾਵੇ ਰਸ,/ਜੇ ਇਹ ਦੋਵੇਂ ਨਾਂ ਮਿਲੇ, ਖੇਤੀ ਹੋਵੈ ਭਸ ਆਦਿ ਸੂਰਜ ਨਾਲ ਸਬੰਧਤ ਅਖਾਣ ਹਨ।

ਸੁਰਜੀਤ ਪਾਤਰ ਨੇ ਸੂਰਜ ਨਾਲ ਸਬੰਧਤ ਬੜਾ ਕੁਝ ਲਿਖਿਆ - "ਮੇਰਾ ਸੂਰਜ ਡੁੱਬਿਆ ਹੈ, ਤੇਰੀ ਸ਼ਾਮ ਨਹੀਂ ਹੈ", "ਧੁੱਪ ਸੂਰਜ ਦੀ ਦਿਖਾਵੇ ਹੋਰ ਰਾਹ, ਚਾਨਣੀ ਵਿਚ ਹੋਰ ਰਸਤੇ ਚਮਕਦੇ", "ਮੈਂ ਸੂਰਜ ਜੋ ਡੁੱਬਿਆ ਦਿਸ਼ਾਵਾਂ ਤੋ ਚੋਰੀ", "ਨਿੱਤ ਸੂਰਜਾਂ ਨੇ ਚੜ੍ਹਨਾਂ, ਨਿੱਤ ਸੂਰਜਾਂ ਨੇ ਲਹਿਣਾ..."।

ਬਾਲਕਵੀ ਬੈਰਾਗੀ ਦੀ ਸੂਰਜ ਸਬੰਧੀ ਇਕ ਕ੍ਰਾਂਤੀਕਾਰੀ ਕਵਿਤਾ ਹੈ- 'ਆਜ ਮੈਂ ਨੇ ਸੂਰਯ ਸੇ ਬਸ ਜ਼ਰਾ ਸਾ ਯੂੰ ਕਹਾ/"ਆਪ ਕੇ ਸਾਮਰਾਜਯ ਮੇਂ ਇਤਨਾ ਅੰਧੇਰਾ ਕਿਯੂੰ ਰਹਾ"?/ਤਮਤਮਾ ਕਰ ਵਹ ਦਹਾੜਾ-"ਮੈਂ ਅਕੇਲਾ ਕਯਾ ਕਰੂੰ?/ਤੁਮ ਨਿਕੰਮੋਂ ਕੇ ਲੀਏ ਮੈਂ ਹੀ ਭਲਾ ਕਬ ਤਕ ਮਰੂੰ?/ਆਕਾਸ਼ ਕੀ ਆਰਾਧਨਾ ਕੇ ਚਕਰੋਂ ਮੇਂ ਮਤ ਪੜੋ/ਸੰਗਰਾਮ ਯਹ ਘਨਘੋਰ ਹੈ, ਕੁਛ ਮੈਂ ਲੜੂੰ ਕੁਛ ਤੁਮ ਲੜੋ"।

ਗੋਪਾਲਦਾਸ ਨੀਰਜ ਨੇ ਵੀ ਲਿਖਿਐ-"ਹੈ ਬਹੁਤ ਅੰਧਿਆਰ ਅਬ ਸੂਰਜ ਨਿਕਲਨਾ ਚਾਹੀਏ/ਜਿਸ ਤਰਹ ਸੇ ਭੀ ਹੋ ਯੇ ਮੌਸਮ ਬਦਲਨਾ ਚਾਹੀਏ"।

ਪ੍ਰੋ. ਮੋਹਨ ਸਿੰਘ ਦੀਆਂ ਸਤਰਾਂ ਹਨ - "ਡੁੱਬਾ ਸੂਰਜ ਪਿਆ ਹਨ੍ਹੇਰਾ,/ਕੱਲ੍ਹ ਇਸ ਨੇ ਮੁੜ ਪਾਉਣਾ ਫੇਰਾ"।

ਨਵੇਂ ਸਾਲ ਮੌਕੇ ਅਨੇਕਾਂ ਕਵਿਤਾਵਾਂ ਸੂਰਜ ਨੂੰ ਸੰਬੋਧਨ ਹੋ ਕੇ ਲਿਖੀਆਂ ਗਈਆਂ। ਇਕ ਉਦਾਹਰਨ ਪੇਸ਼ ਹੈ- ਨਵੇਂ ਸਾਲ ਦਿਆ ਸੂਰਜਾ, ਚਾਨਣ ਕਰ ਚੁਫੇਰ/ਜਗਮਗ ਹੋਵੇ ਬਹਾਰ ਵੀ, ਅੰਦਰੋਂ ਮਿਟੇ ਹਨ੍ਹੇਰ।

"ਐਂਪਾਇਰ ਆਫ਼ ਦਾ ਸਨ' ਸਮੇਤ ਅਨੇਕਾਂ ਅੰਗਰੇਜ਼ੀ ਫਿਲਮਾਂ ਦੇ ਨਾਮ ਸੂਰਜ ਉੱਪਰ ਹਨ। 1966 ਦੀ ਹਿੰਦੀ ਫ਼ਿਲਮ ਦਾ ਨਾਮ 'ਸੂਰਜ' ਅਤੇ 1999 ਦੀ ਫ਼ਿਲਮ ਦਾ ਨਾਮ 'ਸੂਰਯਵੰਸ਼ਮ' ਸੀ।

ਅੰਤ ਵਿਚ ਇਕ ਕਹਾਣੀ ਕਹਿ ਕੇ ਕਲਮ ਨੂੰ ਆਰਾਮ ਦਿੰਦੇ ਹਾਂ। ਕਹਿੰਦੇ ਹਨ੍ਹੇਰੇ ਨੇ ਪ੍ਰਮਾਤਮਾ ਦੀ ਕਚਹਿਰੀ 'ਚ ਪੇਸ਼ ਹੋ ਕੇ ਫਰਿਆਦ ਕੀਤੀ ਕਿ ਸੂਰਜ ਨੂੰ ਸਮਝਾਇਆ ਜਾਵੇ ਕਿ ਉਹ ਉਸ ਨਾਲ ਦੁਸ਼ਮਣੀ ਛੱਡੇ ਅਤੇ ਉਸ ਨੂੰ ਚਾਰ ਘੜੀਆਂ ਚੈਨ ਨਾਲ ਰਹਿਣ ਦੇਵੇ। ਸੂਰਜ ਦੀ ਪੇਸ਼ੀ ਹੋਈ ਤਾਂ ਸੂਰਜ ਨੇ ਰੱਬ ਨੂੰ ਜਵਾਬ ਦਿੱਤਾ, "ਹਜ਼ੂਰ! ਮੇਰੀ ਕਾਹਦੀ ਦੁਸ਼ਮਣੀ? ਮੈਂ ਤਾਂ ਹਨ੍ਹੇਰੇ ਨੂੰ ਜਾਣਦਾ ਤੱਕ ਨਹੀਂ, ਇਸ ਨੂੰ ਕਦੀ ਦੇਖਿਆ ਹੀ ਨਹੀਂ। ਮੈਂ ਤਾਂ ਪ੍ਰਕਾਸ਼ ਦਾ ਪਰਚੰਮ ਬਰਦਾਰ ਹਾਂ, ਚਾਰ-ਚੁਫੇਰੇ ਚਾਨਣ ਬਖੇਰਦਾਂ, ਹਨ੍ਹੇਰੇ ਦੀ ਤਾਂ ਮੈਂ ਮਕਾਣੇ ਵੀ ਨਾ ਜਾਵਾਂ"!

*****

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਪਰਿਵਾਰਕ ਅਣਬਣ ਬੱਚਿਆਂ ਲਈ ਘਾਤਕ




ਗੁਰਮੀਤ ਸਿੰਘ ਪਲਾਹੀ
98158-02070




ਘਰ ਦੇ ਵੱਡਿਆਂ ਦੀ ਆਪਸੀ ਅਣਬਣ ਦੇ ਕਾਰਨ ਬਣੇ ਪ੍ਰੇਸ਼ਾਨ ਕਰਨ ਵਾਲੇ ਪਰਿਵਾਰਕ ਵਾਤਾਰਵਨ ਵਿੱਚ ਬੱਚੇ ਸੁੱਖ ਦਾ ਸਾਹ ਨਹੀਂ ਲੈ ਸਕਦੇ। ਬੱਚਿਆਂ ਨੂੰ ਆਪਣਾ ਵਰਤਮਾਨ ਇੰਨਾ ਉਲਝਣ ਭਰਿਆ ਲੱਗਣ ਲਗਦਾ ਹੈ ਕਿ ਉਹਨਾਂ ਦਾ ਮਨ ਆਉਣ ਵਾਲੇ ਸਮੇਂ 'ਚ ਜੋ ਆਸ਼ਾਵਾਂ ਉਹਨਾਂ ਦੇ ਮਨ 'ਚ ਉਗਮਣੀਆਂ ਹਨ, ਉਹਨਾਂ ਤੋਂ ਵੀ ਵਿਰਵਾ ਹੋ ਜਾਂਦਾ ਹੈ। ਉਹ ਇਕੱਲੇਪਨ ਦੇ ਆਦੀ ਹੋ ਜਾਂਦੇ ਹਨ।

ਇਹਨਾਂ ਦਿਨਾਂ 'ਚ ਅਮਰੀਕਾ ਦੀ ਵਿਸਕੋਨਸਿਨ ਮੈਡੀਸਨ ਯੂਨੀਵਰਸਿਟੀ ਨੇ ਇੱਕ ਖੋਜ ਛਾਪੀ ਹੈ। ਇਸ ਖੋਜ ਅਨੁਸਾਰ ਜਿਹੜੇ ਬੱਚੇ ਅਸਥਿਰ ਪਰਿਵਾਰਾਂ ਵਿੱਚ ਵੱਡੇ ਹੁੰਦੇ ਹਨ, ਉਹਨਾਂ ਦੇ ਸੁਭਾਅ ਅਤੇ ਵਰਤਾਓ ਵਿੱਚ ਚਿੰਤਾ, ਤਨਾਅ ਦਿਸਦਾ ਹੈ। ਉਹਨਾਂ 'ਚ ਆਤਮ ਨਿਰਭਰਤਾ 'ਚ ਕਮੀ ਆ ਜਾਂਦੀ ਹੈ। ਖੋਜ ਇਹ ਵੀ ਕਹਿੰਦੀ ਹੈ ਕਿ ਬੱਚਿਆਂ ਦੇ ਵਿਕਾਸ ਵਿੱਚ, ਮਾਂ-ਪਿਓ ਦੇ ਉਦਾਸ ਰਹਿਣ ਦਾ ਅਸਰ ਪੈਂਦਾ ਹੈ। ਉਦਾਸ ਮਾਂ-ਪਿਓ ਨਾਲ ਰਹਿਣਾ, ਅਸਥਿਰ ਅਤੇ ਘਰੇਲੂ ਰੌਲੇ-ਰੱਪੇ ਵਾਲੇ ਮਾਹੌਲ ਵਿੱਚ ਜੀਊਣਾ, ਪਰਿਵਾਰ ਵਿੱਚ ਅਣਬਣ ਵੇਖਣਾ, ਇਹ ਸਭ ਕੁਝ ਉਹਨਾਂ ਦੀ ਪੜ੍ਹਾਈ ਉਤੇ ਅਸਰ ਤਾਂ ਪਾਉਂਦਾ ਹੀ ਹੈ, ਉਸ ਵਿੱਚ ਮਾਨਵੀ ਗੁਣ ਵੀ ਮਨਫ਼ੀ ਹੋ ਜਾਂਦੇ ਹਨ। ਕਿੰਨਾ ਦੁਖਾਂਤ ਹੈ ਇਹ ਕਿ ਬੱਚੇ ਇੱਕ ਅਧੂਰੇ ਵਿਅਕਤੀਤਵ ਦੇ ਰੂਪ 'ਚ ਵੱਡੇ ਹੁੰਦੇ ਹਨ। ਇਹ ਉਹਨਾਂ ਵਿੱਚ ਨਾਂਹ-ਪੱਖੀ ਸੋਚ ਦੀ ਬਹੁਤਾਤ ਪੈਦਾ ਕਰਦਾ ਹੈ।

ਪਤੀ-ਪਤਨੀ 'ਚ ਝਗੜਾ ਬੱਚੇ ਦੇ ਮਨ 'ਚ ਡਰ ਪੈਦਾ ਕਰਦਾ ਹੈ। ਕਈ ਸ਼ੰਕੇ ਉਹਦੇ ਬਾਲ ਮਨ 'ਚ ਇਕੱਠੇ ਹੁੰਦੇ ਜਾਂਦੇ ਹਨ। ਪਤੀ-ਪਤਨੀ ਵਿਚਲਾ ਤਣਾਅ ਵਾਲਾ ਮਾਹੌਲ ਬੱਚੇ ਦੇ ਸੁਭਾਅ ਨੂੰ ਖੰਡਿਤ ਕਰਦਾ ਹੈ। ਅਸੁਰੱਖਿਆ ਦੀ ਭਾਵਨਾ ਉਹਨਾਂ 'ਚ ਵਧਦੀ ਹੈ। ਘਰ ਵਿੱਚ ਕਿਹੋ ਜਿਹੇ ਵੀ ਹਾਲਾਤ ਹੋਣ, ਵੱਡਿਆਂ ਦਾ ਆਪਸੀ ਲੜਾਈ-ਝਗੜਾ ਹੋਵੇ, ਪਰ ਬੱਚਿਆਂ ਲਈ ਘਰ 'ਚ ਚੰਗਾ ਮਾਹੌਲ ਜ਼ਰੂਰੀ ਹੈ। ਨਹੀਂ ਤਾਂ ਬੱਚਿਆਂ ਦੇ ਮਨ 'ਚ ਨਿਰਾਸ਼ਾ ਭਰ ਜਾਂਦੀ ਹੈ। ਕਈ ਹਾਲਤਾਂ ਵਿੱਚ ਤਾਂ ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ।

ਵੱਡਿਆਂ ਜਾਂ ਮਾਂ-ਪਿਓ ਦੇ ਝਗੜੇ ਕਾਰਨ ਉਹਨਾਂ ਦੇ ਮਨ 'ਚ ਆਉਣ ਵਾਲੇ ਸਮੇਂ ਨੂੰ ਲੈ ਕੇ ਉਲਝਣਾਂ ਪੈਦਾ ਹੋ ਜਾਂਦੀਆਂ ਹਨ। ਅੱਜ ਦੇ ਬੱਚੇ ਇਸਦਾ ਹੱਲ ਕਈ ਵੇਰ ਇਲੈਕਟ੍ਰਾਨਿਕ ਉਪਕਰਨਾਂ 'ਚ ਲੱਭਣ ਲਗਦੇ ਹਨ। ਉਹ ਇਸ ਹੱਦ ਤੱਕ ਇਹਨਾਂ ਉਪਕਰਨਾਂ, ਮੋਬਾਇਲ, ਟੈਬਲਟ ਆਦਿ 'ਚ ਉਲਝ ਜਾਂਦੇ ਹਨ ਕਿ ਉਪਰੋਂ ਭਾਵੇਂ ਉਹਨਾਂ ਦਾ ਗੁੱਸਾ ਅਤੇ ਚਿੰਤਾ ਸ਼ਾਂਤ ਦਿਸਦੀ ਹੈ, ਪਰ ਅੰਦਰੋਂ ਉਹਨਾਂ ਦਾ ਹੌਸਲਾ ਟੁੱਟ ਜਾਂਦਾ ਹੈ। ਕਈ ਮਾਮਲੇ ਤਾਂ ਇਹੋ ਜਿਹੇ ਹਾਲਾਤ ਪੈਦਾ ਕਰ ਦਿੰਦੇ ਹਨ ਕਿ ਬੱਚੇ ਖੁਦਕੁਸ਼ੀ ਦਾ ਰਾਹ ਤੱਕ ਫੜ ਲੈਂਦੇ ਹਨ ਜਾਂ ਘਰ ਛੱਡ ਜਾਂਦੇ ਹਨ ਅਤੇ ਬਹੁਤੀ ਵੇਰ ਅਪਰਾਧਿਕ ਦੁਨੀਆ 'ਚ ਜਾ ਫਸਦੇ ਹਨ। ਵਿਆਹੇ ਜੋੜਿਆਂ ਵਿੱਚ ਆਪਸੀ ਤਕਰਾਰ ਅਤੇ ਲੜਾਈ,ਝਗੜਾ ਵਿਆਹ ਦੇ ਕਈ ਸਾਲਾਂ ਬਾਅਦ ਤੱਕ ਬਣਿਆ ਰਹਿੰਦਾ ਹੈ, ਕਿਉਂਕਿ ਬਹੁਤੀ ਵੇਰ ਵਿਚਾਰਾਂ ਦਾ ਵਖਰੇਵਾਂ ਅਤੇ ਕਈ ਵੇਰ "ਈਗੋ" ਵਾਲੀ ਸਥਿਤੀ ਇਸ ਝਗੜੇ ਦਾ ਕਾਰਨ ਬਣਦੀ ਹੈ। ਘਰ ਟੁੱਟ ਜਾਂਦੇ ਹਨ ਜਾਂ ਘਰ ਲੜਾਈ ਦਾ ਅਖਾੜਾ ਬਣੇ ਰਹਿੰਦੇ ਹਨ।

ਨਸ਼ਿਆਂ ਦੇ ਆਦੀ ਨੌਜਵਾਨ, ਘਰ 'ਚ ਕਲੇਸ਼ ਦਾ ਵੱਡਾ ਕਾਰਨ ਬਣਦੇ ਹਨ, ਲੜਕੀਆਂ ਆਪਣੇ ਸਾਥੀ ਨਾਲ ਆਖ਼ਰ ਤੱਕ ਨਿਭਾਉਣ ਦਾ ਯਤਨ ਕਰਦੀਆਂ ਆਪਣੀਆਂ ਖੁਸ਼ੀਆਂ, ਸੁਪਨਿਆਂ ਤੱਕ ਨੂੰ ਕੁਰਬਾਨ ਕਰ ਦਿੰਦੀਆਂ ਹਨ, ਪਰ ਮਰਦ ਪ੍ਰਧਾਨ ਸਮਾਜ 'ਚ ਮਰਦਾਂ ਦੀ ਹੈਂਕੜ ਬਾਜੀ, ਰੰਘੜਊਪੁਣਾ ਘਰ ਦਾ ਮਾਹੌਲ ਖਰਾਬ ਕਰੀ ਰੱਖਦਾ ਹੈ। ਵਿਸ਼ਵਾਸ਼ ਦੀਆਂ ਤੰਦਾਂ ਜਦੋਂ ਟੁੱਟਦੀਆਂ ਹਨ, ਜੀਵਨ ਨਰਕ ਬਣ ਜਾਂਦਾ ਹੈ। ਦਰਅਸਲ, ਵਰ੍ਹਿਆਂ ਦੇ ਵਰ੍ਹੇ ਇਕੱਠੇ ਰਹਿਣ ਦੇ ਬਾਅਦ ਵੀ ਵਿਆਹ ਸਬੰਧ 'ਚ ਵਿਖੇੜਾ ਅਤੇ ਟੁੱਟ-ਭੱਜ ਅੱਜ ਦੇ ਸਮੇਂ ਦਾ ਸੱਚ ਹੈ। ਇਸੇ ਕਰਕੇ ਤਲਾਕ ਕੇਸਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿਛਲੇ ਵਰ੍ਹੇ ਭਾਰਤੀ ਸੰਸਦ 'ਚ ਪੇਸ਼ ਕੀਤੇ ਅੰਕੜਿਆਂ ਮੁਤਾਬਕ ਦੇਸ਼ ਦੀਆਂ ਵੱਖੋ-ਵੱਖਰੀਆਂ ਅਦਾਲਤਾਂ 'ਚ ਲਗਭਗ 11.4 ਲੱਖ ਮਾਮਲੇ ਸੁਣਵਾਈ ਦੀ ਉਡੀਕ 'ਚ ਪਏ ਹਨ। 14 ਦੇਸ਼ਾਂ 'ਚ 26 ਸੂਬੇ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ ਹਨ, ਜਿਥੇ



715 ਪਰਿਵਾਰਕ ਅਦਾਲਤਾਂ ਹਨ, ਪਰ ਵਰ੍ਹਿਆਂ ਤੱਕ ਵੀ ਕੇਸਾਂ ਦਾ ਨਿਪਟਾਰਾ ਨਹੀਂ ਹੋ ਰਿਹਾ। ਜਿਸਦਾ ਖਮਿਆਜ਼ਾ ਵੀ ਆਮ ਤੌਰ 'ਤੇ ਬੱਚਿਆਂ ਦਾ ਬਚਪਨ ਭੁਗਤ ਰਿਹਾ ਹੈ। ਜੇਕਰ ਦੇਸ਼ 'ਚ ਸੁਵਿਧਾ ਜਾਂ ਯਤਨ ਇਸ ਕਿਸਮ ਦੇ ਹੋਣ ਕਿ ਇਹਨਾਂ ਪਰਿਵਾਰਕ ਅਦਾਲਤਾਂ 'ਚ ਕੇਸਾਂ ਦਾ ਨਿਪਟਾਰਾ ਦੋਹਾਂ ਧਿਰਾਂ ਨੂੰ ਸਮਝਾਉਣ ਨਾਲ ਹੱਲ ਹੋਵੇ ਤਾਂ ਇਹ ਵਿਵਹਾਰਿਕ ਵੀ ਹੋ ਸਕਦਾ ਹੈ ਅਤੇ ਪਰਿਵਾਰਕ ਹਿੱਤ ਖ਼ਾਸ ਕਰਕੇ ਬੱਚਿਆਂ ਦੇ ਹਿੱਤ 'ਚ ਵੀ ਹੋ ਸਕਦਾ ਹੈ। ਭਾਰਤ ਅੱਜ ਦੁਨੀਆਂ ਦੀ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ ਅਤੇ ਭਾਰਤ ਹੀ ਸਭ ਤੋਂ ਵੱਧ ਅਦਾਲਤੀ ਲੰਬਿਤ ਮਾਮਲਿਆਂ ਵਾਲਾ ਦੇਸ਼ ਹੈ। ਕੁਲ ਮਿਲਾਕੇ ਭਾਰਤ ਦੀਆਂ ਅਦਾਲਤਾਂ ਵਿੱਚ 4.70 ਕਰੋੜ ਮਾਮਲੇ ਅਦਾਲਤਾਂ 'ਚ ਲਟਕਦੇ ਹਨ। ਇਹਨਾਂ ਵਿਚੋਂ 6.50 ਲੱਖ ਤੋਂ ਵੀ ਜ਼ਿਆਦਾ ਵਿਆਹ ਸਬੰਧੀ ਮਾਮਲੇ ਹਨ। ਇਹਨਾਂ ਮਾਮਲਿਆਂ 'ਚ ਮਾਮੂਲੀ ਮਨ-ਮਟਾਅ ਵਾਲੀਆਂ ਹਾਲਤਾਂ ਕਈ ਵੇਰ ਲੰਬੀ ਕਾਨੂੰਨੀ ਲੜਾਈ ਦਾ ਕਾਰਨ ਬਣ ਜਾਂਦੀਆਂ ਹਨ। ਇਹ ਇੱਕ-ਦੂਜੇ ਪ੍ਰਤੀ ਇਲਜ਼ਾਮਬਾਜੀ ਬੱਚਿਆਂ ਦੀ ਮਨੋਸਥਿਤੀ ਵਿਗਾੜਨ 'ਚ ਸਹਾਈ ਹੁੰਦੀ ਹੈ। ਜੇਕਰ ਮਾਪੇ, ਲੜਾਈ ਝਗੜੇ ਦੇ ਬਾਵਜੂਦ ਇੱਕ-ਦੂਜੇ ਨਾਲ ਸਮਝਦਾਰੀ ਨਾਲ ਪੇਸ਼ ਆਉਣ ਤਾਂ ਬੱਚੇ ਉਸੇ ਅਨੁਸਾਰ ਖੁਦ ਨੂੰ ਵਿਕਸਤ ਕਰਦੇ ਹਨ।

ਭਾਰਤੀ ਸਭਿਆਚਾਰ ਵਿੱਚ ਬੱਚਿਆਂ ਦਾ ਪਾਲਣ-ਪੋਸ਼ਣ ਅਤੇ ਜ਼ੁੰਮੇਵਾਰੀ ਟੱਬਰ ਦੀਆਂ ਤਿੰਨ ਪੀੜ੍ਹੀਆਂ ਤੱਕ ਜੁੜੀ ਹੋਈ ਹੈ ਅਤੇ ਪ੍ਰਭਾਵਤ ਵੀ ਤਿੰਨ ਪੀੜ੍ਹੀਆਂ ਨੂੰ ਕਰਦੀ ਹੈ। ਰਿਸ਼ਤਿਆਂ ਵਿੱਚ ਜਦੋਂ ਕੁੜੱਤਣ ਆਉਂਦੀ ਹੈ, ਪਰਿਵਾਰ ਟੁੱਟਦੇ ਹਨ, ਆਪਸੀ ਮੇਲਜੋਲ ਅਤੇ ਜਜ਼ਬਾਤੀ ਸਬੰਧ ਪ੍ਰਭਾਵਤ ਹੁੰਦਾ ਹੈ। ਇਹ ਵੇਖਣ 'ਚ ਆ ਰਿਹਾ ਹੈ ਕਿ ਦੇਸ਼ ਦੇ ਹਰ ਖਿੱਤੇ, ਹਰ ਵਰਗ ਵਿੱਚ ਪਰਿਵਾਰਕ ਝਗੜੇ ਵੱਧ ਰਹੇ ਹਨ। ਸਿੱਟਾ ਤਾਂ ਸਾਫ਼ ਹੈ, ਬੱਚੇ ਦਾ ਭਵਿੱਖ ਦਾਅ 'ਤੇ ਲੱਗ ਜਾਂਦਾ ਹੈ। ਪੁਰਾਣੇ ਸਮਿਆਂ 'ਚ ਦਾਦਾ-ਦਾਦੀ, ਨਾਨਾ-ਨਾਨੀ ਬੱਚਿਆਂ ਦਾ ਪਾਲਣ-ਪੋਸ਼ਣ ਕਰਨ 'ਚ ਹੱਥ ਵਟਾਉਂਦੇ ਸਨ, ਬੱਚੇ ਜਜ਼ਬਾਤੀ ਤੌਰ 'ਤੇ ਇਹਨਾਂ ਨਾਲ ਹੀ ਨਹੀਂ, ਮਾਸੀ, ਭੂਆ, ਤਾਈ, ਚਾਚੀ, ਚਾਚੇ ਆਦਿ ਰਿਸ਼ਤਿਆਂ ਨਾਲ ਜੁੜੇ ਰਹਿੰਦੇ ਸਨ, ਅਪਣੱਤ ਵੱਧਦੀ ਸੀ।

ਪਿਛਲੇ ਦਿਨੀ ਦਿੱਲੀ ਹਾਈ ਕੋਰਟ ਨੇ ਇਕ ਪਰਿਵਾਰਕ ਝਗੜੇ ਦਾ ਫ਼ੈਸਲਾ ਦੇਣ ਵੇਲੇ ਲਿਖਿਆ, "ਇਸ 'ਚ ਦੋ ਰਾਵਾਂ ਨਹੀਂ ਕਿ ਬੱਚੇ ਦਾ ਪਾਲਣ-ਪੋਸ਼ਣ ਇੱਕ ਖੁਸ਼ਹਾਲ ਪਰਿਵਾਰ ਵਿੱਚ ਹੀ ਹੋਵੇ ਤਾਂ ਉਹਨਾਂ ਦੇ ਭਾਵਨਤਮਕ ਰੂਪ ਵਿੱਚ ਮਜ਼ਬੂਤ ਹੋਣ ਅਤੇ ਪੜ੍ਹਾਈ 'ਚ ਉਹਨਾਂ ਦਾ ਪ੍ਰਦਰਸ਼ਨ ਬਿਹਤਰ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ।"

ਇਹ ਗੱਲ ਅਸਲੋਂ ਸੱਚ ਹੈ ਕਿ ਮਾਪੇ, ਜਿਸ ਸਮਝਦਾਰੀ ਨਾਲ ਆਪਸ ਵਿੱਚ ਪੇਸ਼ ਆਉਂਦੇ ਹਨ, ਬੱਚੇ ਉਸੇ ਅਨੁਸਾਰ ਖ਼ੁਦ ਨੂੰ ਵਿਕਸਤ ਕਰਦੇ ਹਨ। ਅੱਜ ਸਿਰੇ ਦੇ ਉਪਭੋਗਤਾਵਾਦੀ ਦੀ ਸਮੇਂ 'ਚ, ਜਿਥੇ ਕਦਰਾਂ-ਕੀਮਤਾਂ ਛੱਡ ਕੇ ਅੱਗੇ ਵੱਧਣ ਦੀ ਹੋੜ ਲੱਗੀ ਹੋਈ ਹੈ, ਮਨੁੱਖ ਵਿੱਚ ਸਹਿਜਤਾ ਖ਼ਤਮ ਹੋ ਰਹੀ ਹੈ। ਫਜ਼ੂਲ ਕਿਸਮ ਦੇ ਦਬਾਅ ਅਧੀਨ ਵਿਖਾਵੇ ਭਰੀ ਜ਼ਿੰਦਗੀ ਜੀਊਂਦਾ, ਆਪਣੇ ਤੋਂ ਉੱਪਰ ਜੀਊਣ ਦੀ ਲਾਲਸਾ ਨਾਲ ਉਤਪੋਤ ਕਈ ਵੇਰ ਕੁਝ ਇਹੋ ਜਿਹਾ ਕਰ ਬੈਠਦਾ ਹੈ, ਜੋ ਉਸਦੇ ਆਪਣੇ ਜੀਵਨ ਵਿੱਚ ਤਾਂ ਕੁੜੱਤਣ ਤਾਂ ਭਰਦਾ ਹੀ ਹੈ, ਸਗੋਂ ਅਪਣੇ ਪਰਿਵਾਰਕ ਜੀਵਨ ਨੂੰ ਵੀ ਦਾਅ ਤੇ ਲਾਅ ਦਿੰਦਾ ਹੈ, ਜਿਸਦਾ ਖਾਮਿਆਜ਼ਾ ਆਮ ਤੌਰ 'ਤੇ ਬੱਚਿਆਂ ਨੂੰ ਭੁਗਤਣਾ ਪੈਂਦਾ ਹੈ।

ਬੱਚਿਆਂ ਦੇ ਪਾਲਣ-ਪੋਸ਼ਣ 'ਚ ਔਖਿਆਈਆਂ, ਮਾਨਸਿਕ ਕਸ਼ਟ, ਬੱਚੇ ਦੇ ਸੁਭਾਅ 'ਚ ਚਿੜਚਿੜਾਪਨ ਕੁੱਝ ਇਹੋ ਜਿਹੀਆਂ ਗੱਲਾਂ ਹਨ ਜਿਹੜੀਆਂ ਬੱਚਿਆਂ ਦੇ ਪੱਲੇ ਪੈ ਜਾਂਦੀਆਂ ਹਨ। ਜਿਹੜੀਆਂ ਜ਼ਿੰਦਗੀ ਭਰ ਉਹਨਾਂ ਦਾ ਪਿੱਛਾ ਨਹੀਂ ਛੱਡਦੀਆਂ।

ਦੁਨੀਆਂ ਭਰ 'ਚ ਕਾਨੂੰਨ ਨਾਲ ਇਹਨਾਂ ਸਮੱਸਿਆਵਾਂ ਨੂੰ ਨਜਿੱਠਣ ਵਾਲੇ ਦਾਨਸ਼ਵਰ, ਪੰਚਾਇਤਾਂ, ਜੱਜ ਅਤੇ ਹੋਰ ਸੂਝਵਾਨ ਲੋਕ, ਆਮ ਤੌਰ 'ਤੇ ਇਹਨਾਂ ਝਗੜਿਆਂ ਦਾ ਹੱਲ, ਸਬੰਧਤ ਜੋੜਿਆਂ ਦੀ ਆਪਸੀ ਗੱਲਬਾਤ ਨਾਲ ਸੁਲਝਾਉਣ ਦੇ ਹੱਕ 'ਚ ਰਹਿੰਦੇ ਹਨ ਤਾਂ ਕਿ ਆਉਣ ਵਾਲੀ ਪੀੜ੍ਹੀ ਨੂੰ ਰਿਸ਼ਤਿਆਂ ਦੀ ਟੁੱਟ ਭੱਜ ਦੀ ਬਹੁਤੀ ਕੀਮਤ ਨਾ ਚੁਕਾਉਣੀ ਪਵੇ।

*****

**100 ਕਿਲੋ ਅਨਾਜ ਦਾ ਬੋਰਾ ਜੋ ਚੁੱਕ ਸਕਦਾ ਹੈ, ਉਹ ਖਰੀਦ ਨਹੀਂ ਸਕਦਾ ਤੇ ਜਿਹੜਾ ਖਰੀਦ ਸਕਦਾ, ਉਹ ਚੁੱਕ ਨਹੀਂ ਸਕਦਾ।**

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਸੁਰਿੰਦਰ ਸਿੰਘ ਰੂਬੀ**



ਬਿੱਟੂ ਲਹਿਰੀ

ਪਰੀਆਂ - ਰਾਣੀ ਜੀ ਤੁਸੀਂ ਸੁੱਖ ਸਾਂਦ ਸੁਣਾ ਦਿਉ, ਪਹਿਲਾਂ ਛੱਲੇ ਦੀ ਸਾਨੂੰ।
ਆਸਣ ਤੇਰਾ ਲਾ ਕੇ ਰੱਖਿਆ, ਅਸੀਂ ਫਿਰ ਬਿਠਾਈਏ ਤੁਹਾਨੂੰ।
ਪਰੀਆਂ ਦੀ ਰਾਣੀ - ਹਾਲ ਬੇ ਹਾਲ ਸੀ ਘਰ ਛੱਲੇ ਦਾ, ਤੇ ਰਾਤੀ ਮੀਂਹ ਹਨੇਰੀ ਕੁੱਟੇ।
ਪਾਣੀ ਜੰਮ ਗਿਆ ਧਰਤੀ ਉੱਤੇ, ਰਾਤੀ ਸੁੱਤੇ ਕੇ ਨਾ ਸੁੱਤੇ।
ਪਰੀਆਂ - ਰਾਣੀ ਜੀ ਤੁਸੀਂ ਕੀਤੀਆਂ ਗੱਲਾਂ, ਜੋ ਸੁਣਾ ਦੇ ਛੱਲੇ ਨਾਲ।
ਉਹਨੇ ਸਾਡੇ ਬਾਰੇ ਪੁੱਛਿਆ, ਕੀ ਕੋਈ ਦੋ ਅੱਖਰਾਂ ਦਾ ਹਾਲ।
ਪਰੀਆਂ ਦੀ ਰਾਣੀ - ਸੁੱਤੇ ਨੂੰ ਜਗਾ ਕੇ ਆ ਗਈ, ਉੱਠ ਛੱਲੇ ਦਿਨ ਚੜ੍ਹ ਆਇਆ।
ਬਾਪ ਉਹਦੇ ਨੇ ਕੁੰਡਾ ਖੋਲਿਆ, ਛੱਲਾ ਬਾਹਰ ਨਾ ਆਇਆ।
ਵਿੱਚ ਪਲਾਂ ਮੁੜ ਆਈ ਪਰੀਉ, ਮੈਂ ਆਪਣੇ ਦੇਸ਼ ਰੰਗੀਲੇ।
ਛੱਲੇ ਨਾਲ ਨਾ ਹੋਈਆਂ ਗੱਲਾਂ, 'ਲਹਿਰੀ' ਬੜੇ ਕਰੇ ਮੈਂ ਹੀਲੇ।

**ਵਿਸਥਾਰ** - ਛੱਲੇ ਦੀ ਅੰਮੀ ਦੇ ਕਹੇ ਬੋਲਾਂ ਦੀ ਪਾਲਣਾਂ ਕਰਦਾ ਜੱਲ੍ਹਾ ਛੱਲੇ ਨੂੰ ਮਦਰੱਸੇ ਮੁਨਸ਼ੀ ਕੋਲ ਤਾਲੀਮ ਦਿਵਾਉਣ ਲਈ ਲੈ ਗਿਆ। ਜੱਲ੍ਹਾ, ਮੁਨਸ਼ੀ, ਅਤੇ ਛੱਲੇ ਦੇ ਸੁਆਲ–ਜੁਆਬ ਕਿਸ ਤਰ੍ਹਾਂ ਹੋਏ –

ਜੱਲ੍ਹਾ - ਜੱਲ੍ਹਾ ਲੈ ਗਿਆ ਛੱਲੇ ਨੂੰ, ਮੁਨਸ਼ੀ ਕੋਲ ਮਦਰੱਸੇ।
ਜੋ ਕੁੱਝ ਮੁਨਸ਼ੀ ਪੁੱਛਦਾ, ਸਭ ਸੋਚ ਕੇ ਛੱਲਾ ਦੱਸੇ।
ਮੁਨਸ਼ੀ - ਕਿਸ ਨਾਂ ਦਾ ਏ ਅੱਬਾ ਤੇਰਾ, ਮੈਨੂੰ ਦੱਸ ਦੇ ਬੋਲ ਸੁਣਾ।
ਛੱਲਾ - ਵਾਲਦ ਮੇਰਾ ਕਿਰਤੀ ਬੰਦਾ, ਜਿਹਨੂੰ ਕਹਿੰਦੇ ਜੱਲ੍ਹਾ ਮਲਾਹ।
ਮੁਨਸ਼ੀ - ਔਖੇ ਹਰਫ ਤਾਲੀਮਾਂ ਵਾਲੇ, ਤੇ ਝੱਟ ਮੁਨਸ਼ੀ ਪੁੱਛੇ ਚਾਅ।
ਛੱਲਾ - ਮਤਬਲ ਛੱਲਾ ਖੋਲ੍ਹ ਕੇ ਦੱਸੇ, ਕਹਿੰਦਾ ਅੱਗੇ ਹੋਰ ਪੜ੍ਹਾ।
ਮੁਨਸ਼ੀ - ਜੱਲ੍ਹਿਆ ਛੱਲਾ ਰੱਜ ਕੇ ਪੜਸੀ, ਬਿਨ ਨਾਗੇ ਮਦਰੱਸੇ ਦੇ ਘਲਾਅ।
ਜੱਲ੍ਹਾ - ਅੰਮੀ ਇਹਦੀ ਕਹਿ ਗਈ ਮੈਨੂੰ, ਇਹਨੂੰ ਦੇਵੀਂ ਨਾ ਬਨਣ ਮਲਾਹ।
ਮੁਨਸ਼ੀ - ਜੁੰਮੇ ਮੇਰੇ ਲਾ ਦੇ ਛੱਲਾ, ਵਕਤ ਦਾ ਹਾਕਮ ਦੇਵਾਂ ਬਣਾਅ।

**ਵਿਸਥਾਰ** - ਜਦੋਂ ਛੱਲਾ ਪਹਿਲੇ ਦਿਨ ਮਦਰੱਸੇ ਜਾਣ ਲੱਗਿਆ ਤਾਂ ਰਸਤੇ ਵਿੱਚ ਇਕ ਮਸੀਤ ਅੰਦਰ ਇੱਕ ਮੌਲਵੀ ਕੁਰਾਨ ਪੜ੍ਹ ਰਿਹਾ ਸੀ। ਛੱਲਾ ਮਸੀਤ ਅੰਦਰ ਜਾ ਕੇ ਅੱਲ੍ਹਾ ਦੀ ਕੁਰਾਨ ਸੁਨਣ ਬੈਠ ਗਿਆ। ਮੌਲਵੀ ਨੇ ਛੱਲੇ ਨੂੰ ਮਦਰੱਸੇ ਜਾਣ ਨੂੰ ਕਿਹਾ–

## ਸ਼ੇਅਰ

1. ਮੋਢੇ ਬਸਤਾ ਹੱਥ ਵਿੱਚ ਫੱਟੀ, ਛੱਲਾ ਤੁਰਿਆ ਮਦਰੱਸੇ ਜਾਣ।
2. ਵਿੱਚ ਰਾਹ ਮਸੀਤ ਇੱਕ ਆਵੰਦੀ, ਬਹਿ ਗਿਆ ਸੁਨਣ ਕੁਰਾਨ।
3. ਮੌਲਵੀ ਕਹਿੰਦਾ ਪੜ੍ਹ ਮਦਰੱਸੇ, ਜਾ ਕੇ ਮੁਨਸ਼ੀ ਕੋਲ ਜਵਾਨ।
4. ਅਮਲਾਂ ਦੇ ਫਿਰ ਕਰੀਂ ਨਬੇੜੇ, ਤੂੰ ਆਪਣੀ ਨਾਲ ਜ਼ੁਬਾਨ,
5. ਉਸ ਛੱਲੇ ਦੇ ਗੁਣਾਂ ਨੂੰ ਸੀ, ਲਿਆ ਨਜ਼ਰਾਂ ਨਾਲ ਪਛਾਣ।
6. ਸੁਣ ਦੇ ਸਭ ਸੁਣਾਇਆ 'ਲਹਿਰੀ' ਮੌਲਵੀ ਬਹੁਤ ਹੈਰਾਨ।

**ਵਿਸਥਾਰ** - ਮੌਲਵੀ ਛੱਲੇ ਨੂੰ ਕਹਿਣ ਲੱਗਿਆ ਛੱਲਿਆ ਕੋਈ ਹੋਰ ਗੱਲਬਾਤ ਸੁਣਾ। ਛੱਲੇ ਨੇ ਕਿਹਾ ਮੌਲਵੀ ਜੀ ਤੁਹਾਡੀ ਅੰਮੀ ਤੁਹਾਨੂੰ ਬੜਾ ਪਿਆਰ ਕਰਦੀ ਏ। ਮੌਲਵੀ ਨੇ ਕਿਹਾ ਹਾਂ ਛੱਲਿਆ ਮੇਰੀ ਅੰਮੀ ਮੈਨੂੰ ਬਹੁਤ ਪਿਆਰ ਕਰਦੀ ਏ। ਛੱਲਾ ਰੋਣ ਹੱਕਾ ਹੋ ਕੇ ਮੌਲਵੀ ਨੂੰ ਆਖ ਰਿਹਾ ਏ। (**ਚੱਲਦਾ**)

## ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ

# ਸਿੱਖ ਮਿਸਲਾਂ ਦੇ ਨੇਤਾ ਤੇ ਖੇਤਰ

| | | |
|---|---|---|
| 1. | **ਮਿਸਲ ਦਾ ਨਾਂ** | **ਸ਼ੁਕਰਚੱਕੀਆ ਮਿਸਲ** |
| | ਪ੍ਰਮੁੱਖ ਨੇਤਾ | ਚੜ੍ਹਤ ਸਿੰਘ (ਸੰਸਥਾਪਕ), ਮਹਾਂ ਸਿੰਘ<br>ਮਹਾਰਾਜਾ ਰਣਜੀਤ ਸਿੰਘ |
| | ਖੇਤਰ | ਗੁਜਰਾਂਵਾਲਾ, ਐਮਨਾਬਾਦ |
| 2. | **ਮਿਸਲ ਦਾ ਨਾਂ** | **ਆਹਲੂਵਾਲੀਆ ਮਿਸਲ** |
| | ਪ੍ਰਮੁੱਖ ਨੇਤਾ | ਜੱਸਾ ਸਿੰਘ ਆਹਲੂਵਾਲੀਆ (ਸੰਸਥਾਪਕ)<br>ਭਾਗ ਸਿੰਘ ਆਹਲੂਵਾਲੀਆ, ਫਤਿਹ ਸਿੰਘ ਆਹਲੂਵਾਲੀਆ |
| | ਖੇਤਰ | ਕਪੂਰਥਲਾ, ਹੁਸ਼ਿਆਰਪੁਰ, ਸੁਲਤਾਨਪੁਰ |
| 3. | **ਮਿਸਲ ਦਾ ਨਾਂ** | **ਫੈਜ਼ਲਪੁਰੀਆ ਮਿਸਲ** |
| | ਪ੍ਰਮੁੱਖ ਨੇਤਾ | ਨਵਾਬ ਕਪੂਰ ਸਿੰਘ |
| | ਖੇਤਰ | ਜਲੰਧਰ, ਬਹਿਰਾਮਪੁਰ ਪੱਟੀ, ਨੂਰਮਹਿਲ |
| 4. | **ਮਿਸਲ ਦਾ ਨਾਂ** | **ਭੰਗੀ ਮਿਸਲ** |
| | ਪ੍ਰਮੁੱਖ ਨੇਤਾ | ਛੱਜਾ ਸਿੰਘ (ਸੰਸਥਾਪਕ), ਹਰੀ ਸਿੰਘ, ਝੰਡਾ ਸਿੰਘ |
| | ਖੇਤਰ | ਲਾਹੌਰ, ਅੰਮ੍ਰਿਤਸਰ, ਗੁਜਰਾਤ, ਸਿਆਲਕੋਟ |
| 5. | **ਮਿਸਲ ਦਾ ਨਾਂ** | **ਸ਼ਹੀਦ ਮਿਸਲ (ਨਿਹੰਗ ਮਿਸਲ)** |
| | ਪ੍ਰਮੁੱਖ ਨੇਤਾ | ਛੱਜਾ ਸਿੰਘ (ਸੰਸਥਾਪਕ), ਹਰੀ ਸਿੰਘ, ਝੰਡਾ ਸਿੰਘ |
| | ਖੇਤਰ | ਸਤਲੁਜ ਦਰਿਆ ਦੇ ਕੁਝ ਪ੍ਰਦੇਸ਼ |
| 6. | **ਮਿਸਲ ਦਾ ਨਾਂ** | **ਨਿਸ਼ਾਨਵਾਲੀਆ ਮਿਸਲ** |
| | ਪ੍ਰਮੁੱਖ ਨੇਤਾ | ਸੰਗਤ ਸਿੰਘ ਤੇ ਮੋਹਰ ਸਿੰਘ (ਸੰਸਥਾਪਕ) |
| | ਖੇਤਰ | ਕਰਨਾਲ, ਸ਼ਾਹਬਾਦ, ਅੰਬਾਲਾ |
| 7. | **ਮਿਸਲ ਦਾ ਨਾਂ** | **ਰਾਮਗੜ੍ਹੀਆ ਮਿਸਲ** |
| | ਪ੍ਰਮੁੱਖ ਨੇਤਾ | ਖੁਸ਼ਹਾਲ ਸਿੰਘ ਤੇ ਨੰਦ ਸਿੰਘ (ਸੰਸਥਾਪਕ)<br>ਜੱਸਾ ਸਿੰਘ ਰਾਮਗੜ੍ਹੀਆ |
| | ਖੇਤਰ | ਬਟਾਲਾ, ਕਲਾਨੌਰ, ਹਰੋਗਬਿੰਦਪੁਰਾ, ਕਾਦੀਆਂ |
| 8. | **ਮਿਸਲ ਦਾ ਨਾਂ** | **ਘਨ੍ਹੱਈਆ ਮਿਸਲ** |
| | ਪ੍ਰਮੁੱਖ ਨੇਤਾ | ਜੈ ਸਿੰਘ (ਸੰਸਥਾਪਕ), ਸਦਾ ਕੌਰ |
| | ਖੇਤਰ | ਪਠਾਨਕੋਟ, ਗੁਰਦਾਸਪੁਰ, ਮੁਕੇਰੀਆਂ |
| 9. | **ਮਿਸਲ ਦਾ ਨਾਂ** | **ਫੂਲਕੀਆ ਮਿਸਲ** |
| | ਪ੍ਰਮੁੱਖ ਨੇਤਾ | ਫੂਲ ਸਿੰਘ (ਸੰਸਥਾਪਕ), ਬਾਬਾ ਆਲਾ ਸਿੰਘ, ਸਾਹਿਬ ਸਿੰਘ |
| | ਖੇਤਰ | ਪਟਿਆਲਾ, ਨਾਭਾ, ਜੀਂਦ |
| 10. | **ਮਿਸਲ ਦਾ ਨਾਂ** | **ਨਕੱਈ ਮਿਸਲ** |
| | ਪ੍ਰਮੁੱਖ ਨੇਤਾ | ਹੀਰਾ ਸਿੰਘ (ਸੰਸਥਾਪਕ), ਕਰਨ ਸਿੰਘ |
| | ਖੇਤਰ | ਮੁਲਤਾਨ ਦਾ ਕੁਝ ਖੇਤਰ, ਕਸੂਰ ਚੂਨੀਆਂ |
| 11. | **ਮਿਸਲ ਦਾ ਨਾਂ** | **ਕਰੋੜਸਿੰਘੀਆ ਮਿਸਲ** |
| | ਪ੍ਰਮੁੱਖ ਨੇਤਾ | ਕਰੋੜ ਸਿੰਘ (ਸੰਸਥਾਪਕ)<br>ਬਘੇਲ ਸਿੰਘ, ਜੋਧ ਸਿੰਘ |
| | ਖੇਤਰ | ਨਵਾਂ ਸ਼ਹਿਰ, ਭੁੰਗਾ |
| 12. | **ਮਿਸਲ ਦਾ ਨਾਂ** | **ਡੱਲੇਵਾਲੀਆ ਮਿਸਲ** |
| | ਪ੍ਰਮੁੱਖ ਨੇਤਾ | ਗੁਲਾਬ ਸਿੰਘ (ਸੰਸਥਾਪਕ), ਤਾਰਾ ਸਿੰਘ |
| | ਖੇਤਰ | ਜਲੰਧਰ, ਦੁਆਬਾ ਤੇ ਸਤਲੁਜ ਦਰਿਆ ਦਾ ਕੁਝ ਇਲਾਕਾ |

# ਅਪਾਹਜ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੁਬੀ 'ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

**ਖੋਜੀ** : ਤੂੰ ਤਾਂ ਸੱਚ ਦਾ ਪੁਜਾਰੀ ਏਂ? ਨਗਰ ਦਾ ਪ੍ਰਧਾਨ ਏਂ, ਨਗਰ ਦੀਆਂ ਗਰਾਂਟਾਂ ਵਿੱਚੋਂ ਸਮਾਨ ਖਰੀਦਦੇ ਸਮੇਂ ਕਿੰਨੇ ਪਰਸੈਂਟ ਤੇਰਾ ਹੁੰਦਾ ਏ? ਮੈਨੂੰ ਸਭ ਪਤੈ। ਜੇ ਅੱਜ ਮੈਂ ਤੇਰੇ ਪੋਤੜੇ ਫਰੋਲ ਦਿਆਂ ਤਾਂ ਤੂੰ ਅਰਸ਼ ਤੋਂ ਫਰਸ਼ 'ਤੇ ਆ ਪਵੇਂਗਾ। ਨੇਤਾ ਜੀ ਨੂੰ ਕਿੰਨੇ ਪਰਸੈਂਟ ਪਹੁੰਚਾਉਂਦਾ ਏਂ ਪੱਪੂ ਰਾਹੀਂ?

**ਪ੍ਰਧਾਨ** : (ਪੀਲੇ ਪਏ ਚਿਹਰੇ ਅਤੇ ਥਿੜਕਦੀ ਆਵਾਜ਼ ਨਾਲ) ਪੱਪੂ?

**ਖੋਜੀ** : ਤੇਰੀ ਪਿਛਲੇ ਚਾਰ ਸਾਲ ਦੀ ਡਾਇਰੀ ਮੇਰੇ ਕੋਲ ਏ। ਤੂੰ ਨਗਰ ਦੀਆਂ ਜਿਹੜੀਆਂ ਗਲੀਆਂ ਬਣਵਾਈਆਂ, ਅੱਧੀਆਂ ਕਿਉਂ ਮਿੱਟੀ ਹੋ ਗਈਆਂ? ਪੰਜ ਪੁੱਲੀਆਂ ਬਣਵਾਈਆਂ, ਚਾਰ ਕਿਉਂ ਬਹਿ ਗਈਆਂ? ਨਗਰ ਦਾ ਨਾਲਾ ਜਿੰਨਾ ਕੁ ਪੱਕਾ ਕਰਵਾਇਐ, ਉਹ ਕਿਉਂ ਟੁੱਟਣਾ ਸ਼ੁਰੂ ਹੋ ਗਿਐ? ਬਜ਼ਾਰ ਵਾਲੀ ਸੜਕ 'ਤੇ ਲੁੱਕ ਤੇ ਬੱਜਰੀ ਪਵਾਈ, ਉਸ ਸੜਕ ਨੂੰ ਕਿਉਂ ਖੁਰ ਪੈ ਗਈ ਏ?

**ਪ੍ਰਧਾਨ** : ਤੁਸੀਂ ਤਾਂ ਆਪਣੇ ਬੰਦੇ ਹੋ।

**ਖੋਜੀ** : ਚਾਰ ਖਰੀਆਂ ਸੁਣਾਈਆਂ ਤਾਂ ਅਸੀਂ ਤੁਹਾਡੇ ਆਪਣੇ ਹੋ ਗਏ ਆਂ! ਮੈਂ ਤਾਂ ਇਸ ਵਿਚਾਰੇ ਦਾ ਆਪਣਾ ਵਾਂ। ਚੱਲ ਤੇਰੇ ਮੱਥੇ 'ਤੇ ਪੱਟੀ ਕਰਵਾ ਦੇਵਾਂ।

**ਭਿਖਾਰੀ** : ਖ਼ੂਨ ਤਾਂ ਨਿਕਲਿਆ ਨਹੀਂ।

**ਖੋਜੀ** : ਖ਼ੂਨ ਰਿਹੈ ਕਿਥੇ? ਪੀ ਲਿਆ ਇਹਨਾਂ ਜੋਕਾਂ ਨੇ। ਮੇਰੇ ਨਾਲ ਚੱਲ, ਥੋੜ੍ਹਾ ਜਿਹਾ ਉਹਲੇ ਹੋ ਜਾਈਏ।
(ਭਿਖਾਰੀ ਅਤੇ ਖੋਜੀ ਚਲੇ ਜਾਂਦੇ ਹਨ)

**ਪ੍ਰਧਾਨ** : ਸ਼ੁਕਰ ਏ ਮਰਿਆ ਸੱਪ ਲੱਗਾ ਸੀ ਗਲ ਪੈਣ। ਉਹ ਬੰਦਾ ਕੋਈ ਸੀ.ਆਈ.ਡੀ. ਦਾ ਲੱਗਦਾ ਏ, ਤਾਂ ਹੀ ਨਹੀਂ ਮੈਂ ਆਕੜਿਆ। ਨਹੀਂ ਤਾਂ ਦਸ ਟੋਟੇ ਕਰ ਦਿੰਦਾ ਉਹਦੇ। ਗੱਲ ਸੁਣ, ਕੂੜੇ ਦੀ ਠੇਕੇਦਾਰ ਆਈ ਨਹੀਂ?

**ਸੇਵਾਦਾਰ** : ਆਉਣ ਈ ਵਾਲੀ ਏ, ਟਾਈਮ ਦੀ ਬੜੀ ਪੱਕੀ ਏ। ਮੈਂ ਉਹਨੂੰ ਸ਼ਹਿਰ ਮਿਲ ਕੇ ਟਾਈਮ ਪੱਕਾ ਕਰ ਕੇ ਆਇਆ ਸੀ।
(ਫੈਸ਼ਨ ਨਾਲ ਸ਼ਿੰਗਾਰੀ ਹੋਈ ਇੱਕ ਅਧਖੜ ਜਿਹੀ ਉਮਰ ਦੀ ਔਰਤ ਆਉਂਦੀ ਹੈ)
(ਔਰਤ ਨੂੰ) ਮੇਮ ਸਾਹਿਬ, ਆਹ ਮਿਲਿਓ ਪ੍ਰਧਾਨ ਜੀ ਨੂੰ।

**ਔਰਤ** : (ਚੁਸਤੀ ਨਾਲ) ਪ੍ਰਧਾਨ ਜੀ, ਸਤਿ ਸ੍ਰੀ ਅਕਾਲ।

**ਪ੍ਰਧਾਨ** : ਸਾਸਰੀ ਕਾਲ ਮੈਡਮ ਜੀ, ਮਿਲ ਤਾਂ ਆਪਾਂ ਨਗਰ ਪੰਚੈਤ ਦੇ ਦਫ਼ਤਰ ਵੀ ਸਕਦੇ ਸਾਂ ਪਰ ਮੈਂ ਸੋਚਿਆ ਉਥੇ.....

**ਔਰਤ** : ਉਥੇ ਬਾਕੀ ਮੈਂਬਰ ਪੰਚਾਇਤ ਵੀ ਹੋਣਗੇ, ਸਾਰੇ ਈ ਕੁਛ ਨਾ ਕੁਛ ਭਾਲਣਗੇ ਤੇ ਸੌਦੇ ਦਾ ਮਜ਼ਾ ਕਿਰਕਿਰਾ ਹੋ ਜਾਵੇਗਾ।

**ਪ੍ਰਧਾਨ** : ਤੁਹਾਡੇ ਨਾਲ ਗੱਲ ਈ ਘਰ ਵਾਲੀ ਏ, ਸਾਡਾ ਜ਼ਰਾ ਕੁ.....

**ਔਰਤ** : ਖਿਆਲ ਰੱਖਾਂਗੇ। ਹਿਸਾਬ ਕਿਤਾਬ ਵੀ ਪੂਰਾ ਟਿੱਚ ਰੱਖਾਂਗੇ ਤੇ ਦੋਸਤੀ ਵੀ ਰੱਖਾਂਗੇ। ਠੀਕ ਏ ਨਾ?

**ਪ੍ਰਧਾਨ** : ਬਿਲਕੁਲ ਠੀਕ ਏ। ਤੁਹਾਨੂੰ ਇਸ ਨਗਰ ਵਿਚ ਕਿਸੇ ਕਿਸਮ ਦੀ ਸ਼ਿਕਾਇਤ ਨਹੀਂ ਆਉਣ ਦੇਵਾਂਗੇ। ਮੈਡਮ, ਬਰੇਕਫਾਸਟ ਯਾਨੀ ਸਵੇਰ ਦੀ ਰੋਟੀ.....

(ਚਲਦਾ)

ਸਿਹਤ ਸੰਭਾਲ

# ਚੰਗੀ ਸਿਹਤ ਸਫ਼ਲਤਾ ਦੀ ਕੁੰਜੀ


ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535






ਪਿਆਰੇ ਬੱਚਿਓ ਸਾਡਾ ਜੀਵਨ ਪ੍ਰਮਾਤਮਾ ਦੀ ਅਨਮੋਲ ਦੇਣ ਹੈ। ਇਸ ਜੀਵਨ ਨੂੰ ਇਸ ਜ਼ਿੰਦਗੀ ਨੂੰ ਖੁਸ਼ਗਵਾਰ ਬਣਾਉਣ ਲਈ ਸਾਡਾ ਤੰਦਰੁਸਤ ਰਹਿਣਾ ਬਹੁਤ ਜ਼ਰੂਰੀ ਹੈ। ਕਹਿੰਦੇ ਹਨ ਕਿਸੇ ਮਕਾਨ ਦੀ ਨਿਉਂ ਜੇਕਰ ਮਜ਼ਬੂਤ ਹੈ ਤਾਂ ਉਸ ਉਪਰ ਜਿਸ ਤਰ੍ਹਾਂ ਦੀ ਮਰਜ਼ੀ ਉਸਾਰੀ ਕਰ ਲਓ। ਮੇਰਾ ਕਹਿਣ ਤੋਂ ਭਾਵ ਜੇਕਰ ਤੁਸੀਂ ਬਚਪਨ ਤੋਂ ਹੀ ਆਪਣੇ ਸਰੀਰ ਦਾ ਧਿਆਨ ਰੱਖੋਗੇ ਤਾਂ ਅੱਗੇ ਵਾਲੀ ਜ਼ਿੰਦਗੀ ਵਿਚ ਤੁਹਾਡਾ ਸਰੀਰ ਤੁਹਾਨੂੰ ਹਰ ਇਮਤਿਹਾਨ ਵਿਚੋਂ ਪਾਸ ਕਰਵਾਏਗਾ।

ਅੱਜ ਦੇ ਇਸ ਮੁਕਾਬਲੇ ਦੇ ਯੁੱਗ ਵਿਚ ਆਪਣੀ ਮੰਜ਼ਿਲ ਨੂੰ ਪਾਉਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ ਬੜੇ ਮੁਸ਼ਕਿਲ ਹਾਲਾਤਾਂ ਵਿਚੋਂ ਗੁਜ਼ਰਨਾ ਪੈਂਦਾ ਹੈ ਜੇਕਰ ਆਪਣੀ ਸਿਹਤ ਤੰਦਰੁਸਤ ਨਹੀਂ ਤਾਂ ਆਪਾਂ ਮੰਜ਼ਲਾਂ ਪਾਉਣਾ ਤਾਂ ਦੂਰ ਦੀ ਗੱਲ ਇਸ ਮੁਕਾਬਲੇ ਦੀ ਰੇਸ ਵਿਚੋਂ ਹੀ ਬਾਹਰ ਹੋ ਜਾਵਾਂਗੇ। ਇਸ ਸਰੀਰ ਨੂੰ ਚੰਗੀਆਂ ਖੁਰਾਕਾਂ ਅਤੇ ਕਸਰਤਾਂ ਨਾਲ ਤੰਦਰੁਸਤ ਰੱਖਿਆ ਜਾ ਸਕਦਾ ਹੈ। ਆਪਣੇ ਸਰੀਰ ਦੇ ਕਿਸੇ ਅੰਗ ਵਿਚ ਨੁਕਸ ਪੈਣਾ ਮਤਲਬ ਆਪਣੀ ਮੰਜ਼ਿਲ ਤੋਂ ਦੂਰ ਹੋਣਾ ਹੈ। ਸਰੀਰ ਦੇ ਕਿਸੇ ਵੀ ਅੰਗ ਨਾਲ ਲਾਪ੍ਰਵਾਹੀ ਨਾ ਵਰਤੋ। ਜਿਵੇਂ ਪੜ੍ਹਦੇ ਸਮੇਂ ਕਿਤਾਬ ਦੀ ਅੱਖਾਂ ਤੋਂ ਠੀਕ ਢੰਗ ਦੀ ਦੂਰੀ ਬਣਾਈ ਰੱਖੋ ਕਦੇ ਵੀ ਲੇਟ ਕੇ ਨਾ ਪੜ੍ਹੋ। ਪੜ੍ਹਦੇ ਸਮੇਂ ਬੋਰਡ ਤੋਂ ਅੱਖਰ ਨਜ਼ਰ ਨਹੀਂ ਆਉਂਦੇ ਜਾਂ ਧੁੰਦਲ ਨਜ਼ਰਾਂ ਆਉਂਦਾ ਹੈ ਤਾਂ ਤੁਰੰਤ ਆਪਣੇ ਮਾਤਾ ਪਿਤਾ ਨੂੰ ਦੱਸੋ। "ਅੱਖਾਂ ਗਈਆਂ ਜਹਾਨ ਗਿਆ ਵਾਲੀ ਗੱਲ ਹਮੇਸ਼ਾ ਚੇਤੇ ਰੱਖੋ"। ਕੋਈ ਚੀਜ਼ ਖਾਣ ਤੋਂ ਬਾਅਦ ਤੁਰੰਤ ਕੁਰਲੀ ਕਰੋ। ਸਵੇਰੇ-ਸ਼ਾਮ ਦੰਦਾਂ ਨੂੰ ਬੁਰਸ਼ ਨਾਲ ਸਾਫ਼ ਕਰੋ ਚਿੱਟੇ ਦੰਦ ਜਿੱਥੇ ਸੁੰਦਰਤਾ ਦੀ ਨਿਸ਼ਾਨੀ ਹਨ ਉਥੇ ਸਾਰੀ ਉਮਰ ਮਜੇਦਾਰ ਭੋਜਨ ਦੇ ਸਵਾਦ ਲੈਣ ਲਈ ਵੀ ਬਹੁਤ ਜ਼ਰੂਰੀ ਹਨ। "ਦੰਦ ਗਏ ਤਾਂ ਸਵਾਦ ਗਿਆ ਵਾਲੀ ਗੱਲ ਹਮੇਸ਼ਾ ਚੇਤੇ ਰੱਖੋ"। ਕੰਨਾਂ ਵਿਚ ਕਦੇ ਵੀ ਡੱਕਾ ਜਾਂ ਕੋਈ ਤਿੱਖੀ ਚੀਜ਼ ਨਾ ਮਾਰੋ ਕੰਨ ਵਿਚ ਖੁਜਲੀ ਹੁੰਦੀ ਹੈ ਤਾਂ ਮਾਤਾ ਪਿਤਾ ਨੂੰ ਦੱਸ ਕੇ ਡਾਕਟਰ ਅੰਕਲ ਦੀ ਸਲਾਹ ਲਓ। "ਕੰਨ ਗਏ ਤਾਂ ਰਾਗ ਗਿਆ ਵਾਲੀ ਗੱਲ ਹਮੇਸ਼ਾ ਚੇਤੇ ਰੱਖੋ"। ਸਾਰੀਆਂ ਗੱਲਾਂ ਤੋਂ ਜ਼ਰੂਰੀ ਗੱਲ ਕਦੇ ਵੀ ਬਜ਼ਾਰ ਦੀਆਂ ਤਲੀਆਂ ਚੀਜ਼ਾਂ ਖਾਣ ਦੀ ਜ਼ਿੱਦ ਨਾ ਕਰੋ। ਇਹਨਾਂ ਦਾ ਆਪਣੇ ਸਰੀਰ ਉਪਰ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਸੋ ਬੱਚਿਓ ਇਸ ਤਰ੍ਹਾਂ ਛੋਟੀਆਂ-ਛੋਟੀਆਂ ਪਰ ਬਹੁਤ ਲਾਹੇਵੰਦ ਗੱਲਾਂ ਦਾ ਧਿਆਨ ਰੱਖ ਕੇ ਸਰੀਰ ਨੂੰ ਤੰਦਰੁਸਤ ਰੱਖਿਆ ਜਾ ਸਕਦਾ ਹੈ।



# ਕਾਵਿ-ਕਿਆਰੀ



### (ਲਫ਼ਜ਼ਾਂ ਦੀ ਲੋਏ ਲੋਏ)

## ਵੱਸ/ਹਰਬਖ਼ਸ਼ ਸਿੰਘ ਟਾਹਲੀ



ਦੁਨੀਆਂ ਨੂੰ ਵੱਸ ਕਰ ਲੈਣਾ
ਗੱਲ ਹੋਰ ਹੁੰਦੀ ਹੈ ਅਤੇ
ਆਪਣੇ ਆਪ ਨੂੰ ਵੱਸ ਵਿਚ ਕਰਨਾ
ਹੁੰਦੀ ਹੈ ਬਿਲਕੁੱਲ ਹੋਰ ਗੱਲ
ਦੁਨੀਆਂ ਨੂੰ ਜਿੱਤ ਲੈਣ ਵਾਲੇ ਲੋਕਾਂ ਦਾ
ਇਤਿਹਾਸ ਹੋਰ ਹੁੰਦਾ ਹੈ ਅਤੇ
ਆਪਣੇ ਆਪ ਨੂੰ ਜਿੱਤ ਲੈਣ ਵਾਲਿਆਂ ਦਾ
ਹੁੰਦਾ ਹੈ ਬਿਲਕੁੱਲ ਹੋਰ ਇਤਿਹਾਸ
ਦੁਨੀਆਂ ਨੂੰ ਸਰ ਕਰ ਲੈਣ ਲਈ ਨਿਕਲਿਆ ਮਨੁੱਖ
ਬਣ ਜਾਂਦਾ ਹੈ ਕ੍ਰੋਧੀ, ਲਾਲਚੀ ਅਤੇ ਕਾਤਲ
ਉਹ ਕੁਚਲਦਾ ਹੈ ਸੱਚ ਨੂੰ
ਅਤੇ ਮਾਰਦਾ ਹੈ ਨਿਰਦੋਸ਼ਾਂ ਨੂੰ ਪਰ
ਪਿਆਰ ਕਰਨ ਵਾਲਾ ਬਣਦਾ ਹੈ ਹਮਦਰਦ
ਅਤੇ ਆਪਣੇ ਦਿਲ ਦਾ ਬਣਦਾ ਹੈ ਆਪ ਰਾਜਾ
ਪਿਆਰ ਕਰਨ ਵਾਲੇ ਲੋਕਾਂ ਨੂੰ ਇਤਿਹਾਸ
ਕਦੇ ਵਿਸਾਰਦਾ ਨਹੀਂ
ਪਰ ਜ਼ਾਲਮ ਆਲਮਗੀਂਾਂ ਨੂੰ ਇਤਿਹਾਸ
ਆਪਣੀ ਕੁੱਖ ਵਿਚ ਰੱਖਣ ਤੋਂ ਸ਼ਰਮਸਾਰ ਹੁੰਦਾ ਹੈ।
ਕਦੇ ਕੋਈ ਰਾਜਾ ਜ਼ਿੰਦਗੀ ਦੇ ਬੂਹੇ ਉੱਤੇ
ਪ੍ਰਵਾਨ ਨਹੀਂ ਚੜ੍ਹਦਾ
ਪਰ ਰਾਜ ਛੱਡ ਕੇ ਬਣੇ ਸੰਨਿਆਸੀਆਂ ਨੂੰ।

*****

## ਪਿਤਾ ਦਾ ਸੱਚ/ਸੁਰਿੰਦਰ ਮਕਸੂਦਪੁਰੀ

ਮੰਨਿਆ ਕਿ ਮਾਂ, ਘਰ ਦੀ ਠੰਢੜੀ-ਮਿਠੜੀ ਛਾਂ ਹੁੰਦੀ
ਪਰਿਵਾਰ ਨੂੰ ਸਮਰਪਿਤ, ਪਵਿੱਤਰ ਮੁਕੱਦਸ ਨਾਂ ਹੁੰਦੀ
ਹੁੰਦਾ ਪਿਓ ਵੀ ਰੱਬੀ, ਰੂਹਾਨੀ, ਰਿਜ਼ਕੀ ਰੂਪ ਯਾਰੋ
ਦਰ-ਘਰ ਦਾ ਤਾਜ, ਸੁੱਚਾ, ਸੁਹਜ ਸਰੂਪ ਯਾਰੋ !

ਉਹਦੇ ਸੀਨੇ 'ਚ ਧੜਕਦਾ, ਹਰਦਮ ਦਿਲ ਘਰ ਦਾ
ਉਹਦੇ ਸਿਰ 'ਤੇ ਮੌਜਾਂ ਮਾਣਦਾ, ਘਰ ਆਬਾਦ ਯਾਰੋ
ਬੱਚਿਆਂ ਦੀ ਖ਼ੁਸ਼ਹਾਲੀ ਲਈ, ਤਾਂਘਦਾ ਦਿਨੇ-ਰਾਤੀਂ
ਉਹ ਤਾਂ ਦਰਿਆ-ਦਿਲ ਦਾ, ਮਿਠੜਾ ਆਬ ਯਾਰੋ !

ਪਿਓ ਤਾਂ ਕਵੀ ਹੈ, ਲਿਖਦਾ ਘਰ-ਸੰਸਾਰ ਦੀ ਕਵਿਤਾ
ਉਹਦੇ ਸ਼ਬਦਾਂ ਦੇ ਮੱਥੇ 'ਤੇ, ਚਮਕਦਾ ਮਹਿਤਾਬ ਯਾਰੋ
'ਪਾਣੀ ਪਿਤਾ' ਤਾਂ ਸਦਾ, ਸਾਹਾਂ ਦੇ ਨਾਲ ਨਿਭਦਾ
ਇਹ ਹੈ ਸੱਚੀ ਗੁਰਬਾਣੀ ਦਾ, ਸੱਚਾ ਸੰਵਾਦ ਯਾਰੋ !

ਬਾਪੂ ਦੀ ਘੂਰੀ ਤਾਂ, ਘਿਓ ਦੀ ਚੂਰੀ ਵਾਂਗ ਕਸਤੂਰੀ ਏ
ਇਸ ਘਰ ਦੇ ਰੁੱਖ ਤੇ ਛੱਤ ਦੇ, ਸੁੱਖ ਨੇ ਬੇਹਿਸਾਬ ਯਾਰੋ
ਇਹ ਤਾਂ ਗਿਆਨ ਦਾ ਦੀਵਾ, ਸਦਾ ਰੁਸ਼ਨਾਏ ਨ੍ਹੇਰੇ ਨੂੰ
ਜਿਵੇਂ ਬਲਦੇ ਅੱਖਰਾਂ ਦੀ, ਗੂੜ੍ਹ-ਗਿਆਨ ਕਿਤਾਬ ਯਾਰੋ !




ਉਹ ਤਾਂ ਵੰਡਦਾ, ਮਹਿਕਦੀਆਂ ਪੌਣਾਂ ਫ਼ਿਜ਼ਾ ਅੰਦਰ
ਜਿਵੇਂ ਫੁਲਵਾੜੀ 'ਚ ਮਹਿਕਦਾ, ਸੂਹਾ ਗੁਲਾਬ ਯਾਰੋ
ਪਿਤਾ ਦਾ ਸੱਚ, ਅੱਜ ਤਾਂ ਕੌੜਾ ਲੱਗਦਾ ਹੋਊ
'ਮਕਸੂਦਪੁਰੀ' ਵਿਛੜਣ 'ਤੇ ਆਊ ਇਹ ਯਾਦ ਯਾਰੋ !


-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021, ਮੋ. 99887-10234


*****

## ਕਵਿਤਾ/ ਹਨ੍ਹੇਰੇ ਕਿਧਰ ਜਾਣ

**ਰਤਨ ਟਾਹਲਵੀ**



ਅਸੀਂ ਅੰਨ੍ਹੇ ਨਿਸ਼ਾਨਚੀ
ਨਿਸ਼ਾਨਾ ਲਾਉਣ ਦੇ ਮਾਹਿਰ
ਕੋਈ ਆਪਣਾ ਪਰਾਇਆ
ਨਹੀਂ ਵੇਖਦੇ
ਬੱਸ ਅਸੀਂ ਤਾਂ
ਸ਼ਿਕਾਰ ਫੁੰਡਣਾ ਜਾਣਦੇ ਹਾਂ।
ਜੇ ਤੁਸੀਂ ਸ਼ਿਕਾਰ ਨੂੰ ਫੁੰਡਣ ਪਿੱਛੋਂ
ਆਪਣੇ ਹੱਕਾਂ ਵਿਚ ਹੋਏ
ਸਿਰਾਂ ਨੂੰ ਗਿਣਦੇ ਹੋ
ਤਾਂ ਅਸੀਂ ਵੀ
ਸਿਰ ਕਲਮ ਹੋਇਆ ਦੀ ਗਿਣਤੀ
ਕਰਦੇ ਕਰਦੇ ਨਹੀਂ ਥੱਕਦੇ।
ਸਿੱਖ, ਸਨਾਤਨ, ਈਸਾਈ
ਅਤੇ ਇਸਲਾਮ।
ਜੋ ਮੰਜ਼ਿਲ ਦਰਸਾਂਦੇ ਰਸਤੇ ਸਨ
ਕਿੰਨੇ ਹੀ ਮੰਜ਼ਿਲ ਵੱਲ ਜਾਂਦੇ ਰਸਤੇ
ਪਰ ਹਾਏ !
ਇਨ੍ਹਾਂ 'ਤੇ ਚੱਲਣ ਵਾਲਿਆਂ ਨੇ
ਰਸਤਿਆਂ ਨੂੰ ਮੰਜ਼ਿਲ ਮੰਨ
ਇੱਕ ਦੂਜੇ ਦੀ ਮੰਜ਼ਿਲ ਨੂੰ ਹੀ

ਉਡਾਉਣਾ ਸ਼ੁਰੂ ਕਰ ਦਿੱਤਾ।
ਕਿਤੇ ਮੰਦਰ ਉੱਡਦਾ ਹੈ ਤੇ ਕਿਤੇ ਮਸਜਿਦ
ਕਿਤੇ ਗਿਰਜਾਘਰ ਤੇ ਕਿਤੇ ਹਰੀ ਘਰ।
ਹਾਏ !
ਇਨ੍ਹਾਂ ਘਰਾਂ ਵਿਚ ਵੱਸਦੇ ਕਿੰਨੇ ਹੀ ਲੋਕ
ਕਿੰਨੇ ਹੀ ਧਰਤੀ ਦੇ ਲਾਲ ਧੂੜ ਬਣ ਚੁੱਕੇ ਨੇ
ਇਨ੍ਹਾਂ
ਨਿਸ਼ਾਨਚੀਆਂ ਦੀ ਬਦੌਲਤ
ਜੋ ਰਸਤਿਆਂ ਨੂੰ ਘਰ ਮੰਨੀ ਬੈਠੇ ਨੇ।

* * * * *

## ਪੈਂਤੀ

ੳ – ਉਸ ਰੱਬ ਦਾ ਨਾਮ ਲੈ ਕੇ,
ਅ – ਅੱਜ ਮੈਂ ਕਲਮ ਚਲਾਉਣੀ ਹੈ।
ੲ – ਇਸ ਦੁਨੀਆ ਦੀ ਗੱਲ ਕਰਕੇ,
ਸ – ਸੱਚ ਦੀ ਗਾਥਾ ਸੁਣਾਉਣੀ ਹੈ।
ਹ – ਹੱਸਦਿਆਂ ਦੀ ਹੈ ਸਭ ਦੁਨੀਆ,
ਕ – ਕੋਈ ਨਾ ਦੁੱਖ ਦਾ ਹਾਣੀ ਹੈ।
ਖ – ਖੂਬ ਸਲਾਮਾਂ ਚੜ੍ਹਦੇ ਨੂੰ,
ਗ – ਗੁੰਮਿਆਂ ਦੀ ਖਤਮ ਕਹਾਣੀ ਹੈ।
ਘ – ਘਰ ਵਿੱਚ ਇੱਜ਼ਤ ਜੇਬ ਭਰੀ ਵੇਲੇ,
ਙ – ਵਾਂਗਰਾਂ ਖਾਲੀ ਤੇ ਸਭ ਪਾਣੀ ਹੈ।
ਚ – ਚੌਧਰ ਹੈ ਹੁੰਦੀ ਨਾਲ ਭਰਾਵਾਂ,
ਛ – ਛੱਡ ਵੀਰਾਂ ਨੂੰ ਮਾਰ ਪੈਂਦੀ ਖਾਣੀ ਹੈ।
ਜ – ਜਵਾਨੀ 'ਚ ਰਹਿੰਦਾ ਨਾ ਰੱਬ ਚੇਤੇ,
ਝ – ਝੱਟਪਟ ਦੀ ਜੋ ਕਹਾਣੀ ਹੈ।
ਞ – ਵਾਂਗਰਾਂ ਖਾਲੀ ਜੋ ਰੂਹ ਰਹਿੰਦੀ,
ਟ – ਟੇਢੀ ਉਹਨੇ ਕੋਈ ਨਸਤਰ ਚਲਾਉਣੀ ਹੈ।
ਠ – ਠੋਕਰ ਹੈ ਖਾ ਕੇ ਅਕਲ ਆਉਂਦੀ,
ਡ – ਡੁੱਬਣੇ ਬੇੜੀ ਜਿਹਨੇ ਬਚਾਉਣੀ ਹੈ।
ਢ – ਢੋਲ ਨਿਰਜੀਵ ਜਿਵੇਂ ਬਿਨ ਡਗਿਆਂ,
ਣ – ਵਾਂਗ ਬਿਨ ਸਾਥੀ ਨਾ ਗੁੱਡੀ ਚੜ੍ਹ ਪਾਉਣੀ ਹੈ।
ਤ – ਤੇਰੀ-ਮੇਰੀ ਕਰਦਿਆਂ ਉਮਰ ਲੰਘਦੀ,
ਥ – ਥਾਂ ਹੀ ਢਾਈ ਗਜ ਬਿਆਉਣੀ ਹੈ।
ਦ – ਦਾਤੇ ਦੀ ਦਾਤ ਹੈ ਜੋ ਵੀ ਮਿਲਦੀ,
ਨ – ਨਾਮ ਬਿਨ ਕਦੇ ਟਿਕ ਨਾ ਪਾਉਣੀ ਹੈ।
ਪ – ਪਿਆਰ-ਸਤਿਕਾਰ ਕਰੋ ਸਭ ਦਾ,
ਫ – ਫਕੀਰੀ ਨੇ ਗੱਲ ਬਣਾਉਣੀ ਹੈ।
ਬ – ਬੋਲ ਮਿੱਠੜੇ ਦੁਨੀਆ ਜਿੱਤ ਲੈਂਦੇ,
ਭ – ਭਾਰੀ ਫੌਜ ਨੂੰ ਮੂੰਹ ਦੀ ਪੈਂਦੀ ਖਾਣੀ ਹੈ।
ਮ – ਮੈਂ-ਮੈਂ ਕਰ ਨਾ ਬਹੁਤੀ 'ਸੁੱਖੇ',
ਯ – ਯਾਦ ਰੱਖੀਂ ਇਹਨੇ ਹੀ ਧੌਣ ਕਟਵਾਉਣੀ ਹੈ।
ਰ – ਰੱਖ ਲੈ ਚੇਤੇ ਉਸ ਰੱਬ ਨੂੰ,
ਲ – ਲਾਜ ਜਿਹਨੇ ਰੱਖ ਵਿਖਾਉਣੀ ਹੈ।
ਵ – ਵਾਹਿਗੁਰੂ-ਵਾਹਿਗੁਰੂ ਦੀ ਫੇਰ ਸਿਮਰਨੀ,
ੜ – ਵਾਂਗਰ ਜਿਹਨੇ ਥੰਮੀਂ ਲਾਉਣੀ ਹੈ।




**ਸੁਖਵਿੰਦਰ ਸਿੰਘ ਘੋਤਰਾ**
**ਇੰਸਪੈਕਟਰ ਸੀ ਬੀ ਆਈ ,**
**ਪਿੰਡ ਜਲਾਲਪੁਰ, ਹੁਸ਼ਿਆਰਪੁਰ**
+919906381482


* * * *

## ਸ਼ਬਦਾਂ ਦੇ ਸੰਜੋਗ

* ਸੇਲ ਜਿੰਨੀ ਮਰਜ਼ੀ ਲੱਗੀ ਰਹੇ ਜੇ ਬਟੂਆ ਖਾਲੀ ਹੋਵੇ ਤਾਂ ਹਰ ਚੀਜ਼ ਮਹਿੰਗੀ ਲੱਗਦੀ ਹੈ।
* ਅਸੀਂ ਗੁਰਦਆਰਿਆਂ ਵਿਚ ਰੱਬ ਨੂੰ ਮਿਲਣ ਜਾਂਦੇ ਪਰ ਬਹੁਤੀ ਵੇਰ ਸ਼ੈਤਾਨ ਨੂੰ ਮਿਲ ਕੇ ਵਾਪਸ ਆਉਣਾ ਪੈਂਦਾ ਹੈ।
* ਗੁਰੂ ਗ੍ਰੰਥ ਸਾਹਿਬ ਵਿਚ ਮਾਇਆ ਦੀ ਕਿਤੇ ਵੀ ਉਸਤਤ ਨਹੀਂ ਕੀਤੀ ਪਰ ਅਸੀਂ ਅਕਸਰ ਉਨ੍ਹਾਂ ਕੋਲੋਂ ਮਾਇਆ ਮੰਗਣ ਹੀ ਜਾਂਦੇ ਹਾਂ।
* ਮਨੁੱਖ ਅੱਜ ਦੇ ਯੁੱਗ ਵਿਚ ਜਿੰਨਾ ਮਰਜ਼ੀ ਸੁਖੀ ਹੋਵੇ ਪਰ ਉਹ ਹਮੇਸ਼ਾ ਪੁਰਾਣੇ ਯੁੱਗ ਨੂੰ ਜ਼ਿਆਦਾ ਬੇਹਤਰ ਕਹਿਣ ਦਾ ਆਦੀ ਹੁੰਦਾ ਹੈ।
* ਜਦੋਂ ਹਿੰਮਤ ਮੁਕ ਜਾਂਦੀ ਹੈ ਉਦੋਂ ਬੰਦਾ ਕਹਿੰਦਾ ਹੈ ਮੈਂ ਸਭ ਕੁਝ ਤਿਆਗ ਦਿੱਤਾ ਹੈ।
* ਬੰਦਾ ਜਦੋਂ ਪ੍ਰਧਾਨ ਬਣ ਜਾਵੇ ਤਾਂ ਉਹ ਜਾਣ ਬੁੱਝ ਕੇ ਭੀੜ ਵੱਲ ਨੂੰ ਜਾਂਦਾ ਹੈ ਤਾਂ ਕਿ ਉਹ ਲੋਕਾਂ ਦੇ ਮੂੰਹੋਂ ਪ੍ਰਧਾਨ ਜੀ ਸੁਣ ਸਕੇ।
* ਰਸਤਾ ਜਿੰਨਾ ਮਰਜ਼ੀ ਖਰਾਬ ਹੋਵੇ ਰੋਂਦੇ-ਧੋਂਦੇ ਉਸ ਨੂੰ ਤਹਿ ਤੇ ਕਰਨਾ ਹੀ ਪੈਂਦਾ ਹੈ।
* ਮਿਹਨਤ ਨਾਲ ਬਣਾਏ ਰਾਜ ਅਕਸਰ ਲੋਕ ਕ੍ਰੋਧ ਦੀ ਇਕ ਚੰਗਿਆੜੀ ਨਾਲ ਸਾੜ ਸੁੱਟਦੇ ਹਨ।
* ਜੇ ਪਿਆਰ ਵਿਚ ਵਸਲ ਕਰਨ ਦੀ ਇੱਛਾ ਨਾ ਹੋਵੇ ਤਾਂ ਪਿਆਰ ਦਾ ਨਾਮ ਕੁਝ ਹੋਰ ਹੋਣਾ ਸੀ।
* ਸੋਚ ਬਦਲਨੀ ਜ਼ਰੂਰੀ ਹੈ ਪਰ ਸੋਚ ਬਦਲਣ ਵੇਲੇ ਪੁਰਾਣੇ ਤੱਥਾਂ ਦਾ ਖਿਆਲ ਰੱਖਣਾ ਵੀ ਜ਼ਰੂਰੀ ਹੁੰਦਾ ਹੈ।

# PROUD OF COMMUNITY : KAMALJEET GHOTRA




Daughter of S. Hardial Singh Ghotra Ex. Fin. Secty BMSL foundation Chandigarh, “Kamaljeet Ghotra” residing in USA who is B tech + MBA from Pune University + double masters from university of Santa Clara and UC Barkeley (USA) has been recognised as an World India’s crown jewel, a powerful Indian origin woman whose visionary leadership and ground breaking work on article “AI-Powered digital Transformation “(Artificial Intelligence) is shaping the impact on society. She has got an award along with one trophy with certificate. (Photo attached). For the past 25 years she took immense pride in transformation and pursuing her team in Microsoft as a consultant and Chief data officer. She has ventured into the realm of semi conductor analytics consulting, collaborating closely with industry thought leaders to deepen her expertise in the complex field with her perseverant and empathic leadership. She is also dedicated to coaching individuals at all level so as to guide them to their next level of growth and achievement. Her version is that “Indian professionals are highly sought after globally, contributing to AI development in major technical companies and research institutions worldwide”.Her request to our Labana community is :- If parents are willing to send their wards abroad , they should be provided with proper and high education so that they may able to achieve some target of growth .







# MATRIMONIAL



SEEKING MATCH FOR LUBANA SIKH BOY, DOB - JULY 90, 5'11", EDUCATION B.TECH (Mech.), DOING PRIVATE JOB IN MNC,FATHER RETD. FROM INDIAN ARMY, PERMANENT RESIDENCE IN MOHALI, ONE ELDER BROTHER MARRIED, CONTACT-90417-77073.

* * * * *

SEEKING EDUCATED HOMELY GIRL FOR LUBANA CLEAN SHAVEN BOY, DOB 01 DEC 1992, HEIGHT 5'9", EDUCATION BBA, BUSINESS AT MOHALI & MUKERIAN, FAMILY- FATHER DOING BUSINESS AT TALWARA, ONE BROTHER MARRIED- DOING BUSINESS AT TALWARA, PERMANENT RESIDENCE AT S.A.S NAGAR. CONTACT-88378-87319, 94174-10919

* * * * *

LUBANA SIKH BOY ....DEC'92, 5.11 FT BE MBA SR. MANAGER IN GURUGRAM BASED CO @ DELHI NCR REQUIRED..MCA B.TECH, M.TECH, MBA... QUALIFIED GIRL, CASTE NO BAR. CONT .. 9417145424..... 8360907886

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਨ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

● ● ●

## ਕਿਰਤ ਕਰੋ, ਨਾਮ ਜਪੋ, ਵੰਡ ਛਕੋ।

# ਜੂਨ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਗੁਪਤਦਾਨ (ਆਨਲਾਈਨ ਪ੍ਰਾਪਤ ਕੀਤੇ) | 266 | 500/- | 30.05.2024 |
| 2. | ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ<br>ਮ. ਨੰ: 187, ਹਰਦਿਆਲ ਨਗਰ, ਜਲੰਧਰ। | 267 | 6600/- | 11.06.2024 |
| 3. | ਸ: ਸੁਰਜੀਤ ਸਿੰਘ, ਵਿੱਤ ਸਕੱਤਰ<br>ਮ. ਨੰ: 171, ਅਰਬਨ ਅਸਟੇਟ, ਕਪੂਰਥਲਾ। | 268 | 5100/- | 11.06.2024 |
| 4. | ਪੰਡਿਤ ਰਾਮ ਕੁਮਾਰ<br>ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ। | 269 | 500/- | 14.06.2024 |
| 5. | ਸ: ਸੁਖਵਿੰਦਰ ਸਿੰਘ, ਇੰਸਪੈਕਟਰ, ਸੀ.ਬੀ.ਆਈ.<br>ਪਿੰਡ-ਡਾਕਖਾਨਾ ਜਲਾਲਪੁਰ, ਜ਼ਿਲ੍ਹਾ ਹੁਸ਼ਿਆਰਪੁਰ। | 270 | 500/- | 14.06.2024 |
| 6. | ਬੀਬੀ ਨਰਿੰਦਰ ਕੌਰ<br>ਮ. ਨੰ: 2020, ਸੈਕਟਰ 37-ਸੀ, ਚੰਡੀਗੜ੍ਹ। | 271 | 200/- | 14.06.2024 |
| 7. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਸੀਨੀਅਰ ਵਾਇਸ ਪ੍ਰਧਾਨ (ਹੈ.ਕੁ.)<br>ਮ. ਨੰ: 3405, ਸੈਕਟਰ-40ਡੀ, ਚੰਡੀਗੜ੍ਹ। | 272 | 200/- | 14.06.2024 |
| 8. | ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.)<br>ਮੈਂਟੀਨੈਂਸ ਸਕੱਤਰ<br>ਮ.ਨੰ: 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 273 | 200/- | 14.06.2024 |
| 9. | ਸ. ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ<br>ਮ. ਨੰ: 2354, ਫ਼ੇਸ-10, ਮੋਹਾਲੀ। | 274 | 200/- | 14.06.2024 |
| 10. | ਇੰਜ: ਹਰਦੇਵ ਸਿੰਘ<br>ਮ. ਨੰ: 1747, ਫੇਸ-7, ਮੋਹਾਲੀ। | 275 | 200/- | 14.06.2024 |
| 11. | ਪੰਡਿਤ ਰਾਮ ਕੁਮਾਰ<br>ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ। | 276 | 1100/- | 16.06.2024 |
| 12. | ਸ. ਸੁਖਵੰਤ ਸਿੰਘ<br>ਮ. ਨੰ: 296/11, ਜਸਵੰਤ ਨਗਰ, ਗੜ੍ਹਾ ਰੋਡ, ਜਲੰਧਰ। | 277 | 2000/- | 16.06.2024 |
| 13. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਸੀਨੀਅਰ ਵਾਇਸ ਪ੍ਰਧਾਨ, ਹੈ.ਕੁ.<br>ਮ. ਨੰ: 3405, ਸੈਕਟਰ-40ਡੀ, ਚੰਡੀਗੜ੍ਹ। | 278 | 11000/- | 16.06.2024 |
| 14. | ਡਾ. ਸ਼ਿਵਨੀਤ ਕੌਰ<br>ਸੁਪਤਨੀ ਸ: ਹਰਮਨਪ੍ਰੀਤ ਸਿੰਘ ਮੁਲਤਾਨੀ, ਜਨਰਲ ਸਕੱਤਰ<br>ਸ਼ਾਸਤ੍ਰੀ ਕਲੋਨੀ, ਪਿਹੋਵਾ, ਕੁਰੂਕਸ਼ੇਤਰ, ਹਰਿਆਣਾ। | 279 | 7100/- | 16.06.2024 |

| | | | | |
|---|---|---|---|---|
| 15. | ਸ: ਬਲਦੇਵ ਸਿੰਘ ਮੁੰਦਰ<br>ਸੀਨੀ. ਵਾਇਸ ਪ੍ਰਧਾਨ<br>ਮ. ਨੰ: 926, ਸੈਕਟਰ-3, ਰਨਜੀਤ ਐਵਨਿਊ, ਅੰਮ੍ਰਿਤਸਰ। | 280 | 2100/- | 16.06.2024 |
| 16. | ਸ: ਭਗਤ ਸਿੰਘ, ਆਈ.ਏ.ਐਸ. (ਰਿਟਾ.)<br>ਮ. ਨੰ: 795, ਫ਼ੇਸ-3ਬੀ-1, ਮੋਹਾਲੀ। | 281 | 5100/- | 16.06.2024 |
| 17. | ਕਰਨਲ ਗੁਰਦੀਪ ਸਿੰਘ (ਰਿਟਾ.)<br>ਵੀ.ਪੀ. (ਹੈ.ਕੁ.)<br>ਮ. ਨੰ: 62, ਸੈਕਟਰ-71, ਐਸ.ਏ.ਐਸ. ਨਗਰ, ਮੋਹਾਲੀ। | 282 | 5100/- | 16.06.2024 |
| 18. | ਬੀਬੀ ਨਰਿੰਦਰ ਕੌਰ<br>ਮ. ਨੰ: 2020, ਸੈਕਟਰ-37ਸੀ, ਚੰਡੀਗੜ੍ਹ। | 283 | 200/- | 16.06.2024 |
| 19. | ਸ. ਰਵਿੰਦਰ ਸਿੰਘ<br>ਮ. ਨੰ: 2092, ਸੈਕਟਰ-45ਸੀ, ਚੰਡੀਗੜ੍ਹ। | 284 | 200/- | 16.06.2024 |
| 20. | ਸ. ਜਗਬੀਰ ਸਿੰਘ<br>ਮ. ਨੰ: 183, ਵੈਸਟਰਨ ਹੋਮਜ਼. ਸੈਕਟਰ-125, ਖਰੜ੍ਹ। | 285 | 200/- | 16.06.2024 |
| 21. | ਸ. ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ<br>ਮ. ਨੰ: 2354, ਫ਼ੇਸ-10, ਮੋਹਾਲੀ। | 286 | 5100/- | 16.06.2024 |
| 22. | ਮੇਜਰ ਐਨ.ਐਸ. ਮੁਲਤਾਨੀ (ਰਿਟਾ.)<br>ਮ. ਨੰ: 1089, ਫ਼ੇਸ-10, ਮੋਹਾਲੀ। | 287 | 500/- | 16.06.2024 |
| 23. | ਸ. ਸੁਰਿੰਦਰ ਸਿੰਘ<br>ਮ. ਨੰ: 3040, ਸੈਕਟਰ-47ਡੀ, ਚੰਡੀਗੜ੍ਹ। | 288 | 200/- | 16.06.2024 |
| 24. | ਸੂਬੇਦਾਰ ਚਰਨ ਸਿੰਘ, ਵਾਇਸ ਪ੍ਰਧਾਨ<br>ਮ. ਨੰ: 3, ਸ਼ਾਂਤੀ ਵਿਹਾਰ, ਮਕਸੂਦਾਂ, ਜਲੰਧਰ। | 289 | 500/- | 16.06.2024 |
| 25. | ਸ. ਬਲਵਿੰਦਰ ਸਿੰਘ<br>ਮ. ਨੰ: 541, ਫ਼ੇਸ-3ਏ, ਮੋਹਾਲੀ। | 290 | 500/- | 16.06.2024 |
| 26. | ਸ. ਅਮਰਜੀਤ ਸਿੰਘ<br>ਮ. ਨੰ: 42, ਸੈਕਟਰ-16ਏ, ਮੋਹਾਲੀ। | 291 | 1100/- | 16.06.2024 |
| 27. | ਸ. ਜਾਗੀਰ ਸਿੰਘ ਮੁਲਤਾਨੀ<br>ਮ. ਨੰ: 2258/2, ਸੈਕਟਰ-45ਸੀ, ਚੰਡੀਗੜ੍ਹ। | 292 | 500/- | 16.06.2024 |
| 28. | ਸ. ਗੁਰਚਰਨ ਸਿੰਘ, ਏ.ਆਰ.ਓ. (ਰਿਟਾ.)<br>ਮ. ਨੰ: 117, ਸੈਕਟਰ-35 ਏ, ਚੰਡੀਗੜ੍ਹ। | 293 | 1100/- | 16.06.2024 |
| 29. | ਸ. ਅਵਤਾਰ ਸਿੰਘ, ਡੀ.ਐਸ.ਪੀ. (ਰਿਟਾ.)<br>ਮ. ਨੰ: 17, ਰਮਨੀਕ ਨਗਰ, ਜਲੰਧਰ। | 294 | 1100/- | 16.06.2024 |
| 30. | ਸੰਤ ਬਾਬਾ ਪ੍ਰੇਮ ਸਿੰਘ ਵੈਲਫ਼ੇਅਰ ਸੋਸਾਇਟੀ<br>ਮਕਸੂਦਾਂ, ਜਲੰਧਰ। | 295 | 11000/- | 16.06.2024 |

| | | | | |
|---|---|---|---|---|
| 31. | ਸ. ਕੁਲਦੀਪ ਸਿੰਘ ਮੁਲਤਾਨੀ<br>ਪਿਹੋਵਾ, ਹਰਿਆਣਾ। | 296 | 1100/- | 16.06.2024 |
| 32. | ਇੰਜ. ਹਰਦੇਵ ਸਿੰਘ<br>ਮ. ਨੰ: 1747, ਫ਼ੇਸ-7, ਮੋਹਾਲੀ। | 297 | 200/- | 16.06.2024 |
| 33. | ਸ. ਗੁਰਪਾਲ ਸਿੰਘ<br>ਨਰਾਇਣਗੜ੍ਹ, ਹਰਿਆਣਾ। | 298 | 500/- | 16.06.2024 |
| 34. | ਕਰਨਲ ਹਰਦਿੱਤ ਸਿੰਘ<br>ਮ. ਨੰ: 105/21, ਰੋਇਲ ਅਸ਼ਟੇਟ, ਜ਼ੀਰਕਪੁਰ। | 299 | 500/- | 16.06.2024 |
| 35. | ਸ. ਅਮਰਜੀਤ ਸਿੰਘ<br>ਤਰਨਤਾਰਨ, ਪੰਜਾਬ। | 300 | 100/- | 16.06.2024 |
| 36. | ਸੂਬੇਦਾਰ ਚਰਨ ਸਿੰਘ, ਵਾਇਸ ਪ੍ਰਧਾਨ<br>ਮ. ਨੰ: 3, ਸ਼ਾਂਤੀ ਵਿਹਾਰ, ਮਕਸੂਦਾਂ, ਜਲੰਧਰ। | 301 | 5000/- | 16.06.2024 |
| 37. | ਸ. ਸੁਖਜਿੰਦਰ ਸਿੰਘ ਸਪੁੱਤਰ ਨਿਧਾਨ ਸਿੰਘ<br>ਪਿੰਡ ਸਨੌਰ, ਭੋਗਪੁਰ, ਜਲੰਧਰ। | 302 | 2000/- | 16.06.2024 |
| 38. | ਗੁਪਤਦਾਨ (ਆਨਲਾਈਨ ਪ੍ਰਾਪਤ ਕੀਤੇ) | 303 | 5100/- | 16.06.2024 |
| 39. | ਸ. ਸੁਰਿੰਦਰ ਸਿੰਘ ਰੂਬੀ, ਈ.ਟੀ.ਓ. (ਰਿਟਾ.)<br>ਆਡੀਟਰ ਲੁਬਾਣਾ ਸੇਵਕ (ਆਨਲਾਈਨ ਪ੍ਰਾਪਤ ਕੀਤੇ)<br>ਐਚ.ਆਈ.ਜੀ.16, ਐਸ.ਐਫ਼.-2, ਜੀ.ਜੀ.ਐਸ.ਐਵਨਿਊ, ਜਲੰਧਰ। | 305 | 2100/- | 16.06.2024 |
| 40. | ਗੁਪਤਦਾਨ (ਆਨਲਾਈਨ ਪ੍ਰਾਪਤ ਕੀਤੇ) | 306 | 1100/- | 16.06.2024 |
| 41. | ਗੁਪਤਦਾਨ (ਆਨਲਾਈਨ ਪ੍ਰਾਪਤ ਕੀਤੇ) | 306 | 500/- | 16.06.2024 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# Lobana Bhawan

Baba Makhan Shah Lobana Foundation (Regd.),
Sector 30-A, Chandigarh

## *Facilities Available for All Types of Functions at reasonable rates*

| | |
|---|---|
| *Double Bed A.C Rooms* | *Dormitory A.C Rooms<br>Four Single Bed* |
| *Main Hall, A.C<br>Capacity 400 Persons* | *Mini Hall, A.C<br>Capacity 150-200 Persons* |
| *Main Auditorium, A.C<br>Capacity 450 Persons* | *Mini Auditorium, A.C<br>Capacity 150 Persons* |
| *Basement Hall<br>350-400 Persons* | *Conference Hall, A.C<br>Capacity 25 Persons* |

**24x7 Catering Service Available**

For Booking Contact :-
98768-11137, 73470-65188

# ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 74ਵੀਂ ਬਰਸੀ 16.06.2024 ਨੂੰ ਭਵਨ ਵਿਖੇ ਸ਼ਰਧਾ ਨਾਲ ਮਨਾਈ ਗਈ



Postal No. - Jallandhar Vide No. L-4/PB/JL-0196/2024-2026

# ਕਾਰਜਕਾਰਨੀ ਕਮੇਟੀ ਦੀ ਮੀਟਿੰਗ 29-06-24 ਨੂੰ ਭਵਨ ਵਿਖੇ ਹੋਈ









